# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ




















# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ






















**ਫਰਿਜ਼ਨੋ (ਬਿਊਰੋ)–** ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ 31 ਜਨਵਰੀ 2018 ਤੋਂ ਪੂਰੇ ਵਿਸ਼ਵ 'ਚ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਕੈਲੇਫੋਰਨੀਆ ਅੰਦਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਯੂਬਾ ਸਿਟੀ ਤੇ ਸੇਲਮਾ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੇਫੋਰਨੀਆ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਪੂਰਨ ਸਹਿਯੋਗ ਨਾਲ ਆਪਣੇ ਨਿਰਧਾਰਿਤ ਸਮੇਂ ਮੁਤਾਬਕ 4 ਮਾਰਚ 2018 ਦਿਨ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ।

ਇਸ ਸਬੰਧਤ ਸ੍ਰੀ ਅਖੰਡ ਪਾਠ 2 ਮਾਰਚ ਸਵੇਰੇ ਆਰੰਭ ਹੋਏ ਅਤੇ 4 ਮਾਰਚ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਤੋਂ ਪਹਿਲਾਂ 3 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ, ਅਤੇ ਸ਼ਾਮਾਂ ਦੇ ਕੀਰਤਨ ਦੀਵਾਨ ਸਜਾਏ ਗਏ। ਜਿਸ ਵਿਚ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜਰੀਆਂ ਭਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਿਆ।

4 ਮਾਰਚ ਦਿਨ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਵੱਖ-ਵੱਖ ਰਾਗੀ/ਢਾਡੀ ਜਥਿਆਂ ਨੇ ਗੁਰਬਾਣੀ ਸ਼ਬਦ ਗਾਇਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਜਿਹਨਾਂ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਭਾਈ ਹਰਬਲਾਸ ਸਿੰਘ, ਢਾਡੀ ਗੁਰਨਾਮ ਸਿੰਘ ਭੰਡਾਲ ਤੇ ਜਥਾ, ਭਾਈ ਲਖਵਿੰਦਰ ਸਿੰਘ ਕਥਾਵਾਚਕ, ਭਾਈ ਅਮਨਜੋਤ ਸਿੰਘ ਤੇ ਭਾਈ ਇੰਦਰਜੀਤ ਸਿੰਘ, ਭਾਈ ਸਤਨਾਮ ਸਿੰਘ ਜੀ, ਭਾਈ ਰਾਜ ਬਰਾੜ ਅਤੇ ਭਾਈ ਨਰੇਸ਼ ਜੀ ਟਰੇਸੀ ਵਾਲੇ ਅਤੇ ਬੇ-ਏਰੀਆ ਤੋਂ ਭਾਈ ਰਾਮ ਆਸਰਾ ਜੀ ਤੇ ਬੀਬੀ ਮਨਪ੍ਰੀਤ ਕੌਰ ਆਦਿ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਸਤਿਗੁਰੂ ਰਵਿਦਾਸ ਜੀ ਦਾ ਗੁਰਬਾਣੀ ਅਨੁਸਾਰ ਦਰਸਾਇਆ ਮਾਰਗ ਅਪਣਾਉਣ ਲਈ ਪ੍ਰੇਰਿਆ।

ਸਟੇਜ ਸਕੱਤਰ ਸ੍ਰੀ ਅਮਰ ਦੜੌਚ ਜੀ ਨੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਗੁਰਪੁਰਬ ਦਿਹਾੜੇ ਤੇ ਇਕੱਤਰ ਹੋਈ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਦਿਲੀ ਹਾਰਦਿਕ ਵਧਾਈ ਸਾਂਝੀ ਕੀਤੀ ਅਤੇ ਗੁਰੂ ਰਵਿਦਾਸ ਜੀ ਦੇ ਰੂਹਾਨੀ ਪੱਖ ਦੇ ਨਾਲ-ਨਾਲ ਇਨਕਲਾਬੀ ਪੱਖ ਨੂੰ ਸਮਝਣ ਲਈ ਦੋ ਸ਼ਬਦ ਰੱਖਦਿਆਂ ਅਲੱਗ-ਅਲੱਗ ਬੁਲਾਰਿਆਂ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ, ਜਿਹਨਾਂ ਵਿਚ ਸਰਵਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਸੀਨੀਅਰ ਵਾਈਸ ਪ੍ਰਧਾਨ ਸ. ਮਹਿੰਦਰ ਸਿੰਘ ਮਾਹੀ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਵਾਈਸ ਪ੍ਰਧਾਨ ਸ੍ਰੀ ਰਾਜ ਗੁਰੂ, ਸੇਲਮਾ ਤੋਂ ਸ੍ਰੀ ਰਜਿੰਦਰ ਗੰਗੜ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਾਬਕਾ ਜਨਰਲ ਸਕੱਤਰ ਸ੍ਰੀ ਦੇਸ ਰਾਜ ਬੰਗੜ, ਸ੍ਰੀ ਰਾਮ ਪਾਲ ਜੀ, ਜਿਹਨਾਂ ਬਾਮਸੇਫ 'ਚ ਲੰਮਾ ਸਮਾਂ ਕੰਮ ਕੀਤਾ। ਰੇਡੀਓ ਪੰਜਾਬ ਅਤੇ ਸਰਗਮ ਟੀ. ਵੀ. ਤੋਂ ਸੇਵਾਵਾਂ ਨਿਭਾਅ ਰਹੇ ਸ੍ਰੀ ਪ੍ਰਮੋਦ ਲੋਈ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ, ਡਾ. ਹਰਮੇਸ਼ ਕੁਮਾਰ ਜੋ ਕੈਲੇਫੋਰਨੀਆ ਦੇ ਗਵਰਨਰ ਦੀ ਚੋਣ ਲੜਨ ਜਾ ਰਹੇ ਹਨ, ਨਾਮਵਰ ਜਰਨਲਿਸਟ ਸ੍ਰੀ ਕੁਲਵੰਤ ਸਿੰਘ ਉਭੀ ਧਾਲੀਆ, ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਾਬਕਾ ਪ੍ਰਧਾਨ ਅਤੇ ਚੇਅਰਮੈਨ ਸ. ਕਰਮ ਸਿੰਘ ਬੰਗੜ ਅਤੇ ਮੌਜੂਦਾ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਆਦਿ ਨੇ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪਾਵਨ ਗੁਰਪੁਰਬ ਦਿਹਾੜੇ ਦੀਆਂ ਦਿਲੀ ਹਾਰਦਿਕ ਵਧਾਈਆਂ ਦਿੰਦਿਆਂ ਸਤਿਗੁਰੂ ਦੇ ਧਾਰਮਿਕ ਰੂਹਾਨੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਹਿਲੂਆਂ ਤੇ ਸੋਚਣ-ਵਿਚਾਰਨ ਲਈ ਸੱਦਾ ਦਿੱਤਾ। ਉਹਨਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦਾ ਸਮੂਹ ਮਾਨਵਤਾ ਲਈ ਭਰਾਤਰੀ ਸੁਨੇਹਾ ਗੁਰੂ ਗ੍ਰੰਥ ਸਾਹਿਬ ਤੋਂ ਮਿਲਦਾ ਹੈ। ਇਸੇ ਲਈ ਤਾਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਆਪਣੀ ਪ੍ਰਸਿੱਧ ਪੁਸਤਕ 'ਸ਼ੂਦਰ ਕੌਣ ਤੇ ਕਿਵੇਂ" ਸੰਤ ਚੋਖਾ ਮੇਲਾ, ਨੰਦਨਾਰ ਅਤੇ ਰਵਿਦਾਸ ਜੀ ਨੂੰ ਸਮਰਪਿਤ ਕੀਤੀ ਸੀ ਅਤੇ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਵੀ ਆਦਿ ਮਹਾਂਪੁਰਖਾਂ ਨੂੰ ਆਪਣਾ ਇਸ਼ਟ ਮੰਨਿਆ ਅਤੇ ਘਰ-ਘਰ ਸੁਨੇਹਾ ਪਹੁੰਚਾਇਆ।

ਇਹੀ ਵਜ੍ਹਾ ਹੈ ਕਿ ਇਸ ਗੁਰੂ ਘਰ ਅੰਦਰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਨਾਂ 'ਤੇ ਲਾਇਬ੍ਰੇਰੀ ਵੀ ਖੋਲ੍ਹੀ ਗਈ ਹੈ, ਜਿਸ ਵਿਚ ਸ੍ਰੀ ਅਮਰ ਦੜੌਚ ਤੇ ਸ੍ਰੀ ਰਾਜਗੁਰੂ ਮੁਤਾਬਕ ਤਿੰਨ ਹਜ਼ਾਰ ਡਾਲਰ ਦੀਆਂ ਕਿਤਾਬਾਂ ਉਪਲਬਧ ਹਨ ਅਤੇ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰ ਵੀ ਇਸ ਹਾਲ 'ਚ ਸੁਸ਼ੋਭਿਤ ਹੈ। ਇਸ ਗੁਰੂ ਘਰ ਦੀ ਖਾਸੀਅਤ ਹੈ ਕਿ ਇੱਥੇ ਸਾਰੇ ਆਦਿ ਮਹਾਂਪੁਰਖਾਂ ਤੇ ਦਸ ਗੁਰੂ ਸਾਹਿਬਾਨਾਂ ਦੇ ਨਾਲ ਬਹੁਜਨ ਸਮਾਜ ਦੇ ਰਹਿਬਰਾਂ ਦਾ ਗੁਣਗਾਨ ਅਕਸਰ ਹੁੰਦਾ ਰਹਿੰਦਾ ਹੈ, ਜਿਹਨਾਂ ਦੀ ਵਿਚਾਰਧਾਰਾ ਨੂੰ ਲੈ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਭਾਰਤ ਅੰਦਰ ਵੀਹਵੀਂ ਸਦੀ 'ਚ ਇਕ ਨਵਾਂ ਇਨਕਲਾਬ ਲਿਆ ਕੇ ਡਾ. ਅੰਬੇਦਕਰ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ। ਸੋ ਬੁਲਾਰਿਆਂ ਦੇ ਕਹੇ ਸ਼ਬਦਾਂ ਨੂੰ ਸਮਝਿਆ ਜਾਵੇ ਤਾਂ ਉਸ ਵਿਚ ਇਕ ਸਮਾਜਿਕ ਪਰਿਵਰਤਨ ਦੀ ਝਲਕ, ਇਕ ਸੁਨਹਿਰੀ ਯੁੱਗ ਵੱਲ ਤੋਰਦੀ ਨਜ਼ਰ ਆਉਂਦੀ ਹੈ।

ਸੰਗਤਾਂ ਦਾ ਭਾਰੀ ਇਕੱਠ, ਏਕਤਾ ਦਾ ਪ੍ਰਤੀਕ ਨਜ਼ਰ ਆਉਂਦਾ ਸੀ ਕਿਉਂਕਿ ਸੰਗਤਾਂ ਦੂਰੋਂ-ਨੇੜਿਉਂ ਹਰ ਵਰਗ, ਧਰਮ, ਅਲੱਗ-ਅਲੱਗ ਸੰਸਥਾਵਾਂ ਅਤੇ ਮੀਡੀਏ ਵੱਲੋਂ ਹਾਜ਼ਰੀਆਂ ਭਰਦੀਆਂ ਨਜ਼ਜਰ ਆ ਰਹੀਆਂ ਸਨ। ਇਸ ਗੁਰੂ ਘਰ 'ਚ ਬੀਬੀਆਂ ਵੀ ਕਾਫੀ ਵੱਧ-ਚੜ੍ਹ ਕੇ ਗੁਰੂ ਘਰ ਲਈ ਪੰਜਾਬੀ ਭਾਈਚਾਰੇ 'ਚ ਜਾ ਕੇ ਮਾਇਆ ਦੇ ਸਹਿਯੋਗ ਲਈ ਪਹੁੰਚ ਕਰਦੀਆਂ ਹਨ। ਉਹਨਾਂ ਸਾਰੀਆਂ ਬੀਬੀਆਂ/ਭੈਣਾਂ ਤੇ ਭਰਾਵਾਂ ਦਾ ਪਲੈਕਾਂ ਨਾਲ ਸਨਮਾਨ ਵੀ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਵੱਖ-ਵੱਖ ਸੰਸਥਾਵਾਂ ਤੇ ਅਲੱਗ ਮੀਡੀਆ ਤੋਂ ਆਏ ਨੁਮਾਇੰਦਿਆਂ ਦਾ ਵੀ ਪਲੈਕ ਅਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਲੰਗਰ ਦੀ ਸੇਵਾ ਤਿੰਨ ਦਿਨ ਚਲਦੀ ਰਹੀ। ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ, ਗਰਮਾ-ਗਰਮ ਚਾਹ-ਪਕੌੜੇ, ਆਲੂ-ਟਿੱਕੀਆਂ, ਕੋਲਡ ਡਰਿੰਕਸ, ਛੋਲੇ-ਭਟੂਰੇ ਆਦਿ ਸਾਰਾ ਦਿਨ ਅਤੁੱਟ ਵਰਤਾਏ ਗਏ। ਪਾਰਕਿੰਗ ਲਾਟ ਦਾ ਵੀ ਵਧੇਰੇ ਪ੍ਰਬੰਧ ਕੀਤਾ ਗਿਆ ਸੀ।

ਡਾ. ਬੰਗੜ ਵੱਲੋਂ ਆਪਣੀ ਟੀਮ ਨਾਲ ਫਰੀ ਮੈਡੀਕਲ ਚੈਕਅਪ ਕੈਂਪ ਪਿਛਲੇ ਸਾਲਾਂ ਦੀ ਤਰ੍ਹਾਂ ਲਗਾਇਆ ਗਿਆ। ਬੱਚਿਆਂ ਦੇ ਖੇਡਣ ਲਈ ਭੰਗੂੜੇ ਆਦਿ ਦਾ ਵੀ ਪ੍ਰਬੰਧ ਕੀਤਾ ਅਤੇ ਕੁਝ ਕੁ ਘਰੇਲੂ ਜ਼ਰੂਰਤਾਂ ਸੰਬਧਤ, ਨਿਆਣਿਆਂ ਲਈ ਖਿਡੌਣੇ ਆਦਿ ਦਾ ਸਟਾਲ ਵੀ ਲੱਗੇ ਹੋਏ ਸਨ। ਕੁੱਲ ਮਿਲਾ ਕੇ ਸਤਿਗੁਰੂ ਦੀ ਸੇਵਾ ਵਿਚ ਜੁਟੀ ਸਭਾ ਤੇ ਗੁਰਮੁਖ ਪਰਿਵਾਰਾਂ ਦੀਆਂ ਸੇਵਾਵਾਂ ਨਾਲ ਗੁਰੂ ਰਵਿਦਾਸ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ ਬਹੁਤ ਹੀ ਗੁਰਮਤਿ ਵਿਚਾਰਾਂ ਦੇ ਨਾਲ ਸਮਾਜਿਕ, ਆਰਥਿਕ ਤੇ ਰਾਜ ਪ੍ਰਫੁੱਲਤਾ ਲਈ ਯਾਦ ਕੀਤਾ ਜਾਂਦਾ ਰਹੇਗਾ। ਇੱਥੋਂ ਪ੍ਰਬੰਧਕ ਕਮੇਟੀ ਅਤੇ ਸੰਗਤ ਵਧਾਈ ਦਾ ਪਾਤਰ ਹੈ। ਇਹੀ ਉਮੀਦ ਸਭਾ ਦੇ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਅਤੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਜੀ ਨੇ ਧੰਨਵਾਦ ਕਰਦਿਆਂ ਕੀਤੀ। ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਬਾਖ਼ੂਬੀ ਨਾਲ ਨਿਭਾਈ।

ਐਸੀ ਲਾਲ ਤੁਝ ਬਿਨ ਕਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥




## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪਾਵਨ ਪ੍ਰਕਾਸ਼ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ 11 ਮਾਰਚ 2018, ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਚਾਹਲ ਪਰਿਵਾਰ ਵੱਲੋਂ ਸਮੂਹ ਮਾਨਵਤਾ ਨੂੰ ਦਿਲੀ ਹਾਰਦਿਕ ਲੱਖ-ਲੱਖ ਵਧਾਈਆਂ ਹੋਣ ਜੀ। ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਸਮੇਂ ਸਿਰ ਹਾਜ਼ਰੀਆਂ ਭਰ ਕੇ ਸਤਿਗੁਰੂ ਸਾਹਿਬਾਨ ਦੀਆਂ ਬਖਸ਼ਿਸ਼ਾਂ ਮਾਣ ਸਕੀਏ।



ਖੱਬੇ ਤੋਂ ਸੱਜੇ

**ਸ੍ਰੀ ਗੁਰਦਾਸ ਰਾਮ ਭੁੱਟਾ, ਸ੍ਰੀ ਨੰਦ ਲਾਲ ਬੋਲੀਨਾ ਅਤੇ ਸ੍ਰੀ ਆਤਮਾ ਸਿੰਘ (ਸਾਬਕਾ ਪ੍ਰਧਾਨ)**

ਸਵਰਗੀ ਸਰਵ ਸ੍ਰੀ ਗੁਰਦਾਸ ਰਾਮ ਭੁੱਟਾ, ਨੰਦ ਲਾਲ ਬੋਲੀਨਾ ਅਤੇ ਆਤਮਾ ਸਿੰਘ (ਤਿੰਨੇ ਹੀ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਫਾਊਂਡਿੰਗ ਮੈਂਬਰ)



**ਕੇਵਲ ਬੋਲੀਨਾ**

ਸਾਬਕਾ ਪ੍ਰਧਾਨ

ਸ੍ਰ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ

ਐਸੀ ਲਾਲ ਤੁਝ ਬਿਨ ਕਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 641ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ 18ਵੇਂ ਵਿਸ਼ਾਲ ਨਗਰ ਕੀਰਤਨ ਦੀ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ।

ਆਓ ਆਪਾਂ ਸਾਰੇ ਪਰਿਵਾਰਾਂ ਨਾਲ 11 ਮਾਰਚ 2018 ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।

# ਹੰਸ ਰਾਜ ਕਜਲਾ



### ਕੌਮਾਂਤਰੀ ਮਹਿਲਾ ਦਿਵਸ- 8 ਮਾਰਚ ਦੇ ਪ੍ਰਸੰਗ ਵਿਚ

# ਕੋਈ ਵੀ ਦੇਸ਼ ਔਰਤਾਂ ਨੂੰ ਪਿੱਛੇ ਰੱਖ ਕੇ ਅੱਗੇ ਨਹੀਂ ਵਧ ਸਕਦਾ

ਅਪ੍ਰੈਲ 2001 ਵਿਚ ਮੈਂ ਪਾਕਿਸਤਾਨ ਗਿਆ ਤਾਂ ਉਥੇ ਇੱਕ ਦਿਨ ਲਾਹੌਰ ਦੇ ਸਰਕਾਰੀ ਕਾਲਿਜ ਦੇ ਵਿਦਿਆਰਥੀਆਂ ਦੀ ਸੰਸਥਾ "ਪੰਜਾਬੀ ਮਜ਼ਲਿਸ" ਵਲੋਂ ਮੇਰੇ ਦੇ ਮੇਰੀ ਟੀਮ ਦੇ ਸਨਮਾਨ ਹਿੱਤ ਇੱਕ ਛੋਟਾ ਜਿਹਾ "ਮਿੱਤਰ ਮਿਲਣੀ" ਸਮਾਗਮ ਰੱਖਿਆ ਗਿਆ ਤੇ ਏਸ ਸਮਾਗਮ ਵਿੱਚ ਇੱਕ ਵਿਦਿਆਰਥੀ ਨੇ ਮੈਨੂੰ ਸਵਾਲ ਕੀਤਾ ਕਿ-"ਅੰਕਲ ਆਪਾਂ ਇੱਕੋ ਤਰ੍ਹਾਂ ਦੇ ਲੋਕ ਇੱਕੋ ਤਰ੍ਹਾਂ ਦੇ ਦੇਸ਼ ਵਿੱਚ ਵਸਦੇ ਹਾਂ ਪਰ ਤੁਸੀਂ ਬੜੀ ਤਰੱਕੀ ਕੀਤੀ ਹੈ ਤੇ ਬੜੇ ਅੱਗੇ ਵਧੇ ਓ ਪਰ ਸਾਡਾ ਦੇਸ਼ ਕਿਉ ਪੱਛੜ ਗਿਆ ?"

ਮੈਂ ਜਵਾਬ ਦਿੱਤਾ-" ਇੱਕ ਤਾਂ ਤੁਹਾਡੇ ਦੇਸ਼ ਦੇ ਵਿਕਾਸ ਨੂੰ ਕੱਟੜ ਮਜ਼ਹਬ ਦੀ ਬਰੇਕ ਲੱਗੀ ਹੋਈ ਹੈ, ਦੂਜਾ ਤੁਸੀਂ ਅੱਗੇ ਵਧਣ ਲਈ ਇੱਥੋਂ ਦੀਆਂ ਔਰਤਾਂ ਨੂੰ ਲੋੜੀਂਦੀ ਸੁਤੰਤਰਤਾ ਦੇ ਕੇ ਨਾਲ਼ ਨਹੀਂ ਰਲਾਇਆ, ਕੋਈ ਦੇਸ਼ ਔਰਤਾਂ ਨੂੰ ਪਿੱਛੇ ਰੱਖ ਕੇ ਅੱਗੇ ਨਹੀਂ ਵਧ ਸਕਦਾ।"

ਇੱਕਲੇ ਪਾਕਿਸਤਾਨ ਵਿੱਚ ਹੀ ਨਹੀਂ ਬਹੁ ਐਫਰੋ ਏਸ਼ੀਅਨ ਦੇਸ਼ਾਂ ਅੰਦਰ ਔਰਤਾਂ ਨੂੰ ਅੱਗੇ ਵਧਣ ਲਈ ਬਹੁਤ ਘੱਟ ਮੌਕੇ ਨਸੀਬ ਹੋਏ ਹਨ, ਸਾਡੇ ਆਪਣੇ ਦੇਸ਼ ਭਾਰਤ ਵਿੱਚ ਵੀ ਵਿਕਸਤ ਦੇਸ਼ਾਂ ਦੇ ਮੁਕਾਬਲੇ ਦੇਸ਼ ਦੇ ਵਿਕਾਸ ਨੂੰ ਨਵੀਂ ਗਤੀ ਤੇ ਦਿਸ਼ਾ ਦੇਣ ਤੇ ਦੇਸ਼ ਨੂੰ ਚਲਾਉਣ ਦੇ ਕੰਮ ਵਿੱਚ ਔਰਤਾਂ ਨੂੰ ਲੋੜ ਅਨੁਸਾਰ ਹਿੱਸੇਦਾਰ ਨਹੀਂ ਬਣਾਇਆ ਗਿਆ।

ਸੰਨ 1947 ਤੋਂ ਪਹਿਲਾਂ ਦੇਸ਼ ਦੀਆਂ ਅਣਗਿਣਤ ਔਰਤਾਂ ਅਜ਼ਾਦੀ ਲਈ ਜੰਗ ਵਿੱਚ ਅੱਗੇ ਹੋ ਕੇ ਲੜੀਆਂ ਪਰ ਅਜ਼ਾਦੀ ਮਿਲਣ ਤੋਂ ਬਾਅਦ ਔਰਤਾਂ ਨੂੰ ਪਿੱਛੇ ਕਰ ਦਿੱਤਾ ਗਿਆ, ਹਾਲਾਂਕਿ ਭਾਰਤ ਦੇ ਸੰਵਿਧਾਨ ਵਿੱਚ ਇਸਤਰੀ ਵਰਗ ਨੂੰ ਬਰਾਬਰਤਾ ਦਾ ਪੂਰਨ ਅਧਿਕਾਰ ਦਿੱਤਾ ਗਿਆ ਹੈ।

ਵਿਸ਼ਵ ਇਕਨਾਮਿਕ ਫੋਰਮ ਦੀ ਇੱਕ ਰਿਪੋਰਟ ਅਨੁਸਾਰ ਸਿਹਤ, ਸਿੱਖਿਆ, ਰਾਜਨੀਤੀ ਤੇ ਆਰਥਿਕਤਾ ਪੱਖੋਂ ਔਰਤਾਂ ਦੇ ਪਛੜੇਵੇਂ ਵਿੱਚ 144 ਦੇਸ਼ਾਂ ਵਿੱਚੋਂ ਭਾਰਤ ਦਾ 108ਵਾਂ ਸਥਾਨ ਹੈ।

ਔਰਤਾਂ ਨੂੰ ਪਿੱਛੇ ਰੱਖਣ ਲਈ ਸਬੂਤ ਭਾਰਤੀ ਸੰਸਦ ਤੇ ਪ੍ਰਾਂਤਕ ਅਸੈਂਬਲੀਆਂ ਵਿੱਚ ਉਨ੍ਹਾਂ ਦੀ ਨਮਾਇੰਦਗੀ ਤੋਂ ਮਿਲ ਸਕਦਾ ਹੈ, ਮੈਡਮ ਕਟੋਚ ਵਲੋਂ ਪੇਸ਼ ਇੱਕ ਸਰਵੇਖਣ ਅਨੁਸਾਰ ਲੋਕ ਸਭਾ ਦੇ 543 ਮੈਂਬਰਾਂ ਵਿਚ ਕੇਵਲ 66 ਔਰਤਾਂ ਹਨ, ਇਹ ਕੁੱਲ ਮੈਂਬਰਾਂ ਦਾ ਕੇਵਲ 12.2 ਫੀਸਦੀ ਬਣਦਾ ਹੈ।

ਇਸੇ ਤਰ੍ਹਾਂ ਰਾਜ ਸਭਾ ਅੰਦਰ ਕੁੱਲ 244 ਮੈਂਬਰਾਂ ਵਿੱਚ ਕੇਵਲ 31 ਔਰਤਾਂ ਹਨ, ਇਉਂ ਔਰਤਾਂ ਦੀ ਨੁਮਾਇੰਦਗੀ ਕੇਵਲ 12.7 ਫੀਸਦੀ ਹੈ, ਕੁਝ ਚਿਰ ਪਹਿਲਾਂ ਹੋਈਆਂ ਪੰਜਾਬ ਤੇ ਗੁਜਰਾਤ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਵੀ ਆਪਣੀ ਨੁਮਾਇੰਦਗੀ ਪੱਖੋਂ ਔਰਤਾਂ ਕਿਤੇ ਪਿੱਛੇ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਵਿਚ ਪਿੱਛੇ ਹੋਈਆਂ ਅਸੈਂਬਲੀ ਚੋਣਾਂ ਵਿੱਚ ਵੀ ਔਰਤਾਂ ਦੀ ਸਥਿਤੀ ਤਸ਼ਵੀਸ਼ਨਾਕ ਹੀ ਰਹੀ ਹੈ।

ਹਿਮਾਚਲ ਚੋਣਾਂ 'ਚ ਐਲਾਨੇ ਗਏ 337 ਉਮੀਦਵਾਰਾਂ ਵਿੱਚੋਂ ਕੇਵਲ 19 ਔਰਤਾਂ ਸਨ ਤੇ ਇਹ ਕੁੱਲ ਉਮੀਦਵਾਰਾਂ ਵਿਚੋਂ ਕੇਵਲ 5.6 ਫੀਸਦੀ ਸਨ ਤੇ ਇਨ੍ਹਾਂ ਵਿੱਚੋਂ ਕੇਵਲ 4 ਹੀ ਜੇਤੂ ਰਹੀਆਂ, ਇਨ੍ਹਾਂ ਵਿਚੋਂ 3 ਭਾਜਪਾ ਨਾਲ਼ ਤੇ ਇੱਕ ਕਾਂਗਰਸ ਨਾਲ਼ ਸਬੰਧਤ ਸੀ, ਭਾਜਪਾ ਨੇ ਚੋਣ ਲੜਨ ਲਈ 6 ਤੇ ਕਾਂਗਰਸ ਨ 3 ਔਰਤਾਂ ਨੂੰ ਟਿਕਟਾਂ ਦਿੱਤੀਆਂ ਸਨ, ਜਦਕਿ ਭਾਜਪਾ ਤੇ ਕਾਂਗਰਸ ਨੇ ਸਾਰੀਆਂ 68 ਸੀਟਾਂ 'ਤੇ ਚੋਣ ਲੜ ਕੇ ਭਾਜਪਾ ਨੇ 44 ਤੇ ਕਾਂਗਰਸ ਨੇ 21ਸੀਟਾਂ ਤੇ ਜਿੱਤ ਪ੍ਰਾਪਤ ਕੀਤੀ, ਪਿੱਛੋਂ ਸਰਕਾਰ ਦੇ ਗਠਨ ਸਮੇਂ ਕੇਵਲ ਇੱਕ ਔਰਤ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ।

ਹਿਮਾਚਲ ਅਸੈਂਬਲੀ ਚੋਣਾਂ 'ਚ ਔਰਤਾਂ ਨੂੰ ਟਿਕਟਾਂ ਦੇਣ ਵਿਚ ਬਾਕੀ ਪਾਰਟੀਆਂ ਨੇ ਵੀ ਪੂਰੀ ਕੰਜੂਸੀ ਵਿਖਾਈ, ਬਸਪਾ ਨੇ ਕੇਵਲ ਤਿੰਨਾਂ ਤੇ ਰਾਸ਼ਟਰੀ ਅਜ਼ਾਦ ਮੰਚ ਅਤੇ ਸਵੈਭਿਮਾਨ ਪਾਰਟੀ ਨੇ ਦੋ ਦੋ ਔਰਤਾਂ ਨੂੰ ਹੀ ਟਿਕਟਾਂ ਦਿੱਤੀਆਂ ਜੋ ਤਿੰਨ ਹੋਰ ਅਜ਼ਾਦ ਉਮੀਦਵਾਰ ਔਰਤਾਂ ਸਮੇਤ ਚੋਣਾਂ ਹਾਰ ਗਈਆਂ। ਹੈਰਾਨੀ ਇਹ ਵੀ ਹੈ ਕਿ ਏਸ ਵਾਰ ਹਿਮਾਚਲ ਅਸੈਂਬਲੀ ਚੋਣਾਂ ਵਿੱਚ ਮਰਦਾਂ ਵਲੋਂ 71.53 ਤੇ ਔਰਤਾਂ ਵਲੋਂ ਇਸ ਤੋਂ ਵੱਧ 77.76 ਫੀਸਦੀ ਮਤਦਾਨ ਕੀਤਾ ਗਿਆ। ਅਜਿਹਾ ਵਰਤਾਰਾ ਉਸ ਸੂਬੇ ਵਿੱਚ ਹੋਇਆ ਜਿੱਥੇ 25.6 ਲੱਖ ਮਰਦ ਤੇ 24.5 ਲੱਖ ਔਰਤ ਵੋਟਰ ਹਨ ਤੇ ਜਿੱਥੇ ਪੰਚਾਇਤੀ ਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਲਈ ਔਰਤਾਂ ਲਈ 50 ਫੀਸਦੀ ਸੀਟਾਂ ਰਾਖਵੀਆਂ ਹਨ।



ਕੁਝ ਚਿਰ ਪਹਿਲਾਂ ਹੋਈਆਂ ਗੁ-ਜਰਾਤ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਦੀ ਪ੍ਰਤੀਨਿਧਤਾ ਹੱਦ ਸਿਰੇ ਤੱਕ ਨਿਰਾਸ਼ਾਜਨਕ ਰਹੀ ਹੈ, ਇਨ੍ਹਾਂ ਚੋਣਾਂ ਸਮੇਂ 182 ਮੈਂਬਰੀ ਗੁਜਰਾਤ ਵਿਧਾਨ ਸਭਾ ਲਈ ਖੜ੍ਹੇ 1815 ਉਮੀਦਵਾਰਾਂ ਵਿੱਚ ਔਰਤਾਂ ਕੇਵਲ 122 ਸਨ ਤੇ ਜਿੱਤੇ ਉਮੀਦਵਾਰਾਂ ਵਿੱਚ ਔਰਤਾਂ ਦੀ ਗਿਣਤੀ ਕੇਵਲ 13 ਸੀ, ਜੋ ਮਰਦਾਂ ਦੇ ਮੁਕਾਬਲੇ ਕੇਵਲ 7.1ਫੀਸਦੀ ਬਣਦੀ ਹੈ। ਕੇਵਲ 2012 ਦੀਆਂ ਚੋਣਾਂ ਵਿੱਚ ਗੁਜਰਾਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਕੇਵਲ 16 ਔਰਤਾਂ ਜੇਤੂ ਹੋਈਆਂ ਸਨ।

2017 ਵਿੱਚ ਪੰਜਾਂ ਰਾਜਾਂ ਪੰਜਾਬ, ਗੋਆ, ਉੱਤਰ ਪ੍ਰਦੇਸ਼,ਉੱਤਰਾਖੰਡ ਤੇ ਮਨੀਪੁਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਰਾਜਨੀਤਕ ਪਾਰਟੀਆਂ ਨੇ ਤੇ ਸਮਾਜ ਨੇ ਔਰਤਾਂ ਨੂੰ ਬੁਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ, ਇਨ੍ਹਾਂ ਰਾਜਾਂ ਵਿੱਚ ਖੜ੍ਹੇ ਕੁੱਲ 2979 ਉਮੀਦਵਾਰਾਂ ਵਿੱਚ ਕੇਵਲ 234 ਔਰਤਾਂ ਸਨ ਤੇ ਇਨ੍ਹਾਂ ਵਿੱਚੋਂ ਵੀ ਕੇਵਲ 53 ਔਰਤਾਂ ਹੀ ਜੇਤੂ ਹੋਈਆਂ।

ਉੱਤਰ ਪ੍ਰਦੇਸ਼ ਦੇ 403 ਮੈਂਬਰਾਂ ਦੇ ਸਦਨ ਵਿੱਚ ਕੇਵਲ 38, ਉੱਤਰਾਖੰਡ ਦੇ 70 ਮੈਂਬਰਾਂ ਦੇ ਸਦਨ ਵਿੱਚ 5, 117 ਮੈਂਬਰੀ ਪੰਜਾਬ ਵਿਧਾਨ ਸਭਾ ਵਿਚ 6 ਅਤੇ 60 ਮੈਂਬਰੀ ਮਣੀਪੁਰ ਤੇ 40 ਮੈਂਬਰੀ ਗੋਆ ਦੀ ਵਿਧਾਨ ਸਭਾ ਵਿੱਚ ਕੇਵਲ ਦੋ-ਦੋ ਔਰਤਾਂ ਹਨ।

ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਲਈ ਬਿੱਲ 22 ਸਾਲਾਂ ਤੋਂ ਫਾਇਲਾਂ ਵਿਚ ਹੀ ਭਟਕ ਰਿਹਾ ਹੈ। 1993 ਵਿਚ ਵਿਧਾਨ ਅੰਦਰ 73ਵੀਂ ਤੇ 74ਵੀਂ ਵਿਸ਼ੇਸ਼ ਸੋਧ ਰਾਹੀਂ ਔਰਤਾਂ ਲਈ ਪੰਚਾਇਤੀ ਰਾਜ ਸੰਸਥਾਵਾਂ 'ਚ ਪਹੁੰਚ ਕੇ ਮਹੱਤਵਪੂਰਨ ਫੈਸਲੇ ਲੈਣ ਦੇ ਕੰਮ 'ਚ ਹਿੱਸਾ ਲੈ ਸਕਣ ਤੇ ਦੇਸ਼ ਦੀ ਤਰੱਕੀ 'ਚ ਭਾਈਵਾਲ ਬਣ ਸਕਣ ਲਈ ਵਿਵਸਥਾ ਰੱਖੀ ਗਈ ਸੀ ਪਰ ਇੱਥੇ ਵੀ ਚੁਣੀਆਂ ਗਈਆਂ ਔਰਤਾਂ ਦੇ ਥਾਂ ਉਨ੍ਹਾਂ ਦੇ ਮਰਦ ਹੀ ਫੈਸਲੇ ਲੈਣ ਦਾ ਕੰਮ ਕਰਦੇ ਹਨ ਜਾਂ ਫੇਰ ਉਨ੍ਹਾਂ ਨੂੰ ਦਰੀ 'ਤੇ ਸਭ ਤੋਂ ਪਿੱਛੇ ਬਿਠਾ ਦਿੱਤਾ ਜਾਂਦਾ ਹੈ, ਹਕੀਕਤ ਇਹ ਹੈ ਕਿ ਸਮਾਜ ਵਲੋਂ ਪੜ੍ਹੀਆਂ ਲਿਖੀਆਂ ਨੂੰਹਾਂ,ਧੀਆਂ ਨੂੰ ਸਰਪੰਚ ਜਾਂ ਪੰਚ ਦੀ ਹੈਸੀਅਤ ਵਿਚ ਪੰਚਾਇਤਾਂ ਵਿੱਚ ਲਿਆਉਣ ਤੋਂ ਅਕਸਰ ਪ੍ਰਹੇਜ਼ ਕੀਤਾ ਜਾਂਦਾ ਹੈ ਤੇ ਅਜਿਹੀਆਂ ਵਿਰਧ ਤੇ ਅਨਪ੍ਹੜ ਔਰਤਾਂ ਨੂੰ ਉਮੀਦਵਾਰ ਬਣਾਇਆ ਜਾਂਦਾ ਹੈ ਜਿਹੜੀਆਂ ਵੱਧ ਤੋਂ ਵੱਧ ਵੋਟਾਂ ਲੈ ਸਕਣ ਤੇ ਹੱਥ ਭਰ ਲੰਮੇ ਘੁੰਡ 'ਚੋਂ ਮੂੰਹ ਕੱਢਣ ਦੇ ਥਾਂ ਬੁੱਕਲ 'ਚੋਂ ਹੱਥ ਕੱਢ ਆਪਣੇ ਪਰਿਵਾਰ ਜਾਂ ਧੜੇ ਦੇ ਕਹੇ ਤੇ ਉਨ੍ਹਾਂ ਦੀ ਇਛਾ ਅਨੁਸਾਰ ਅੰਗੂਠਾ ਲਾ ਸਕਣ।

ਅੱਜ ਵੀ ਕਈ ਪਿੰਡਾਂ ਵਿਚ ਪੰਚਾਇਤ ਦੇ ਅਜਲਾਸ ਵਿਚ ਜੇ ਕੋਈ ਔਰਤ ਗੱਲ ਕਰਨ ਲਈ ਆ ਜਾਵੇ ਤਾਂ ਪਿੰਡ ਦਾ ਕੋਈ ਨਾ ਕੋਈ ਬੰਦਾ ਵਿੱਚੋਂ ਉੱਠ ਕੇ ਉਸ ਨੂੰ ਦਬਕਾ ਮਾਰ ਕੇ ਤੇ ਇਹ ਕਹਿ ਕੇ ਬਿਠਾ ਦਿੰਦਾ ਹੈ-"ਚੁੱਪ ਕਰਕੇ ਬਹਿ ਜਾ ਕੁੜੇ! ਅਜੇ ਮਰਦ ਹੈਗੇ ਆ ਗੱਲ ਕਰਨ ਲਈ।"

ਤੇ ਜੇ ਕੋਈ ਬੰਦਾ ਪੰਚਾਇਤ ਵਲੋਂ ਦਿੱਤੇ ਫੈਸਲੇ ਨੂੰ ਪ੍ਰਵਾਨ ਨਾ ਕਰੇ ਤਾਂ ਅਕਸਰ ਆਖ ਦਿੱਤਾ ਜਾਂਦਾ ਹੈ -"ਇਹ ਸੌਰ੍ਹਾ ਆਪ ਕੁਛ ਨੀ ਬਸ ਤੀਮੀਂ ਮਗਰ ਲੱਗਾ ਹੋਇਆ ਹੈ।"ਇਉਂ ਭਾਈਚਾਰੇ ਵਲੋਂ ਵੀ ਔਰਤਾਂ ਦੀ ਇੱਛਾ ਤੇ ਰਾਏ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ।

ਜੇ ਬੰਦਾ ਘਰੇਲੂ ਕੰਮਕਾਰ ਵਿੱਚ ਆਪਣੀ ਪਤਨੀ ਨੂੰ ਸਹਿਯੋਗ ਦਿੰਦਾ ਹੈ ਤਾਂ ਸਮਾਜ ਵਲੋਂ ਉਸ ਨੂੰ "ਰੰਨ ਮਜਦੂਰ" ਦਾ ਖ਼ਿਤਾਬ ਦੇ ਦਿੱਤਾ ਜਾਂਦਾ ਹੈ।

ਵਿਸ਼ਵ ਪੱਧਰ 'ਤੇ ਧਾਰਮਿਕ ਸੰਸਾਰ ਵਿਚ ਗੁਰਮਤਿ ਦਰਸ਼ਨ ਨੂੰ ਕਲਿਆਣਕਾਰੀ ਤੇ ਪ੍ਰਗਤੀਸ਼ੀਲ ਰੂਪ ਵਿਚ ਦੇਖਿਆ ਤੇ ਸਮਝਿਆ ਜਾਂਦਾ ਹੈ।ਏਸ ਵਿਚ ਔਰਤ ਦੇ ਹੱਕਾਂ ਤੇ ਹਿੱਤਾਂ ਨੂੰ ਭਰਪੂਰ ਮਹੱਤਵ ਦਿੱਤਾ ਗਿਆ ਹੈ ਪਰ ਅੱਜ ਏਸ ਦੇ ਵੀ ਬਹੁਤੇ ਪੈਰੋਕਾਰਾਂ ਵਲੋਂ ਵਿਆਹ 'ਚ ਆਨੰਦ ਕਾਰਜ ਦੀ ਰਸਮ ਵਿਚ ਮਰਦ ਦਾ ਲੜ ਫੜਾ ਕੇ ਤੇ ਔਰਤ ਨੂੰ ਪਿੱਛੇ ਕਰਕੇ ਫੇਰੇ ਦਿੱਤੇ ਜਾਂਦੇ ਹਨ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਸਿੱਖਾਂ ਦੇ ਸਰਵਉੱਚ ਧਾਰਮਿਕ ਸਥਾਨ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਔਰਤਾਂ ਨੂੰ ਕੀਰਤਨ ਤੇ ਸੇਵਾ ਕਰਨ ਦੀ ਅਨੁਮਤੀ ਨਹੀਂ ਹੈ।



ਮਹਿੰਦਰ ਸਿੰਘ 'ਦੋਸਾਂਝ'
91-94632-33991

ਅਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਭਗਤਾਂ ਨੇ ਅਜ਼ਾਦ ਭਾਰਤ ਵਿੱਚ ਔਰਤਾਂ ਦੇ ਸੁਤੰਤਰ ਤੇ ਸੁਰੱਖਿਅਤ ਹੋਣ ਦੇ ਸੁਫ਼ਨੇ ਵੇਖੇ ਸਨ ਪਰ ਇਹ ਸੁਫ਼ਨੇ ਕਿੰਨੇ ਕੁ ਸਾਕਾਰ ਹੋਏ ਹਨ? ਅਣਜੰਮੀਆਂ ਧੀਆਂ ਦੇ ਕਿਵੇਂ ਕਤਲ ਹੋ ਰਹੇ ਹਨ? ਵੱਡੇ ਵੱਡੇ ਮਹਾਂਨਗਰਾਂ ਦੇ ਭਰੇ ਬਜ਼ਾਰਾਂ 'ਚੋਂ ਦਿਨ ਦਿਹਾੜੇ ਔਰਤਾਂ ਨੂੰ ਖਿੱਚ੍ਹ ਕੇ ਵਿਗੜੀ ਬਿਰਤੀ ਵਾਲੇ ਲੋਕ ਉਨ੍ਹਾਂ ਨਾਲ਼ ਕਿਹੋ ਜਿਹੀ ਗਲੀਜ਼ ਖੇਡ ਖੇਡ ਰਹੇ ਹਨ? ਔਰਤਾਂ ਤੇ ਨਿੱਕੀਆਂ ਬਾਲੜੀਆਂ ਨਾਲ਼ ਚੱਲਦੀਆਂ ਬੱਸਾਂ, ਕਾਰਾਂ, ਸਿਨੇਮਾ ਘਰਾਂ, ਕੰਮ ਕਰਨ ਵਾਲੇ ਸਥਾਨਾਂ ਤੇ ਉਨ੍ਹਾਂ ਦੇ ਆਪਣੇ ਘਰਾਂ ਵਿਚ ਹੀ ਕਿਹੋ ਜਿਹੇ ਗੰਦੇ ਧੱਕੇ ਕਰ ਰਹੇ ਹਨ, ਏਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅੱਜ ਸਾਡੇ ਦੇਸ਼ ਵਿਚ ਦਾਜ ਦੇਣ ਤੇ ਲੈਣ ਨੂੰ ਕਾਨੂੰਨ ਅਤੇ ਸਦਾਚਾਰ ਦੇ ਵਿਰੁੱਧ ਐਲਾਨ ਕਰਕੇ ਮਾਪਿਆਂ ਦੀ ਵਿਰਾਸਤ ਵਿਚ ਲੜਕੀ ਦੇ ਬਰਾਬਰ ਹਿੱਸੇ ਨੂੰ ਕਾਨੂੰਨ ਵਿਚ ਮਾਨਤਾ ਦਿੱਤੀ ਗਈ ਹੈ ਪਰ ਉਹਦੇ ਮਾਪਿਆਂ ਦੇ ਮਰਨ ਉਪਰੰਤ ਆਮ ਭਰਾ ਵਲ ਛਲ ਨਾਲ਼ ਜਾਂ ਦਬਾਅ ਪਾ ਕੇ ਅਕਸਰ ਵਿਰਾਸਤ ਆਪਣੇ ਨਾਮ ਕਰਵਾ ਲੈਂਦੇ ਹਨ ਤੇ ਜੇ ਕਿਤੇ ਕੋਈ ਹਜ਼ਾਰਾਂ 'ਚੋਂ ਇੱਕ ਲੜਕੀ ਕਿਸੇ ਦੁਖਾਂਤ ਜਾਂ ਬਿਪਤਾ ਦਾ ਸ਼ਿਕਾਰ ਹੋ ਕੇ ਮਜਬੂਰੀ ਵੱਸ ਬਾਪ ਦੀ ਵਿਰਾਸਤ ਵਿਚੋਂ ਆਪਣਾ ਹਿੱਸਾ ਮੰਗਣ ਦੀ ਜੁਰੱਅਤ ਕਰ ਹੀ ਬੈਠੇ ਤਾਂ ਭਰਾਵਾਂ ਵਲੋਂ ਉਸ ਦਾ ਜੋ ਹਸ਼ਰ ਕੀਤਾ ਜਾਂਦਾ ਹੈ ਉਹ ਕਿਸੇ ਤੋਂ ਗੁੱਝਾ ਨਹੀਂ ਹੈ। ਤਾਜ਼ੀਰਾਤ-ਏ-ਹਿੰਦ ਵਿਚ ਔਰਤਾਂ ਦੀ ਸੁਰੱਖਿਆ ਲਈ ਕਾਨੂੰਨ ਦੀ ਵਿਵਸਥਾ ਹੈ, ਪਰ ਅਦਾਲਤਾਂ ਤੇ ਜੇਲ੍ਹਾਂ ਰਾਹੀਂ ਕਿਸੇ ਦੀ ਵਿਗੜੀ ਸੋਚ ਨੂੰ ਸੁਧਾਰਨ ਦੇ ਯਤਨ ਸ਼ਾਇਦ ਕਾਰਗਰ ਸਾਬਤ ਨਹੀਂ ਹੋ ਰਹੇ। ਏਸ ਲਈ ਲੋੜ ਸਮਾਜ ਦੀ ਸੋਚ ਅਤੇ ਮਾਨਸਿਕਤਾ ਨੂੰ ਬਦਲਣ ਦੀ ਹੈ ਮਾਨਸਿਕਤਾ ਨੂੰ ਬਦਲਣ ਦਾ ਕੰਮ ਪ੍ਰਗਤੀਸ਼ੀਲ ਸੋਚ ਵਾਲੇ ਲੋਕਾਂ, ਸਮਾਜਿਕ ਸੰਸਥਾਵਾਂ ਤੇ ਵਿੱਦਿਆ ਦੇ ਮਾਧਿਅਮ ਰਾਹੀਂ ਹੀ ਹੋ ਸਕਦਾ ਹੈ, ਸਮਾਜਿਕ ਰਿਸ਼ਤੇ ਨਾਤਿਆਂ ਨੂੰ ਆਪਣੀ ਪੁਰਾਤਨ ਸੱਭਿਆਚਾਰਕ ਵਿਰਾਸਤ ਨਾਲ਼ ਜੋੜ ਕੇ ਹੋ ਸਕਦਾ ਹੈ, ਨਹੀਂ ਤਾਂ ਸਮਾਜਿਕ ਰਿਸ਼ਤਿਆਂ ਦੇ ਅਜੋਕੇ ਤੇ ਕਰੁੱਤੇ ਮੌਸਮਾਂ ਵਿਚ ਦੇਸ਼ ਦੀ ਔਰਤ ਠੋਕਰਾਂ ਖਾਂਦੀ ਰਹੇਗੀ ਤੇ ਕਿਸੇ ਕਲਾਕਾਰ ਵਲੋਂ ਗਾਏ ਗੀਤ ਦੀ ਏਸ ਸਤਰ ਵਿਚਲੇ ਦੁਖਾਂਤ ਨਾਲ਼ ਨਿਰੰਤਰ ਜੁੜੀ ਰਹੇਗੀ, ਕਿ -

ਨਾ ਹੀ ਪਿਓਕਿਆਂ ਨੇ ਰੱਖੀ, ਨਾ ਮੈਂ ਸਹੁਰਿਆਂ ਦੀ ਹੋਈ।

# ਮਹਿਲਾਵਾਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਆਏ ਸਾਲ ਹੋ ਰਿਹਾ ਹੈ ਵਾਧਾ

ਅੱਜ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਹਰ ਸਾਲ 08 ਮਾਰਚ ਦਾ ਦਿਨ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਇਸ ਦਿਨ ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇੱਕਜੁੱਟ ਹੋ ਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਜੇਕਰ ਇਤਿਹਾਸ ਵੇਖੀਏ ਤਾਂ ਸਮਾਨਤਾ ਦੇ ਅਧਿਕਾਰਾਂ ਦੀ ਇਹ ਲੜਾਈ ਆਮ ਮਹਿਲਾਵਾਂ ਦੁਆਰਾ ਸ਼ੁਰੂ ਕੀਤੀ ਗਈ ਸੀ। ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਇਸ ਅੰਦੋਲਨ ਦੀ ਸ਼ੁਰੂਆਤ ਕੀਤੀ, ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ, ਇਸ ਮੋਰਚੇ ਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸੰਨ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਨੌਕਰੀ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ, ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਯੂਰਪ ਵਿੱਚ ਵੀ ਜੰਗ ਦੇ ਖਿਲਾਫ ਪ੍ਰਦਰਸ਼ਨ ਹੋਏ। 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ







ਫੌਜ਼ੀ ਮਾਰੇ ਗਏ, ਰੂਸੀ ਮਹਿਲਾਵਾਂ ਨੇ ਫਿਰ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ, ਫਿਰ ਵੀ ਮਹਿਲਾਵਾਂ ਨੇ ਇੱਕ ਨਹੀਂ ਸੁਣੀ ਅਤੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਵਿਕਸਿਤ, ਵਿਕਾਸਸ਼ੀਲ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਨੂੰ ਉਹਨਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਇਸ ਸਬੰਧੀ ਸਾਲ 2018 ਲਈ ਮੁੱਖ ਉਦੇਸ਼ ਹੈ ਤਰੱਕੀ ਲਈ ਦਬਾਓ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅਤਿਆਚਾਰ ਵਧਦੇ ਜਾ ਰਹੇ ਹਨ। ਭਾਰਤ ਦੇਸ਼ ਜਿਸਦੀ ਕਮਾਂਡ ਲੰਬਾ ਸਮਾਂ ਇੱਕ ਮਹਿਲਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੇ ਹੱਥ ਵਿੱਚ ਰਹੀ ਨੇ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ ਤੱਕ ਦੇ ਅਹੁਦੇ ਤੱਕ ਪਹੁੰਚ ਚੁੱਕੀ ਹੈ ਅਤੇ ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀ ਹੈ। ਅੱਜ ਵੀ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ, ਮੰਤਰੀ, ਰਾਜਪਾਲ, ਮੁੱਖ ਮੰਤਰੀ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ। ਦੇਸ਼ ਵਿੱਚ ਮਹਿਲਾਵਾਂ ਦੀ ਹੋ ਰਹੀ ਤਰੱਕੀ ਵੇਖਕੇ ਲਗਦਾ ਹੈ ਕਿ ਸਾਡੇ ਦੇਸ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਬਣ ਗਈਆਂ ਹਨ ਪਰ ਇਹ ਸਭ ਕੁੱਝ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆ ਅਨੁਸਾਰ ਇੱਕ ਦਹਾਕੇ ਵਿੱਚ ਮਹਿਲਾਵਾਂ ਖਿਲਾਫ ਹਿੰਸਾ ਦੀਆਂ ਘਟਨਾਵਾਂ ਵਿੱਚ ਲੱਗਭੱਗ 83 ਫਿਸਦੀ ਵਾਧਾ ਹੋਇਆ ਹੈ। ਸਾਲ 2007 ਵਿੱਚ ਮਹਿਲਾਵਾਂ ਖਿਲਾਫ ਹਿੰਸਾ ਦੀਆਂ 185312 ਰਿਪੋਰਟਾਂ ਦਰਜ ਹੋਈਆ ਜੋਕਿ ਸਾਲ 2016 ਵਿੱਚ 338953 ਤੱਕ ਪਹੁੰਚ ਗਈਆ ਹਨ। ਦੇਸ ਵਿੱਚ ਹਰ ਇੱਕ ਘੰਟੇ ਵਿੱਚ 39 ਮਹਿਲਾਵਾਂ ਨਾਲ ਅਪਰਾਧ ਦੀਆਂ ਘਟਨਾਵਾਂ ਵਾਪਰਦੀਆਂ ਹਨ। ਅੱਜ ਸਾਡੇ ਦੇਸ਼ ਦੀਆਂ ਮਹਿਲਾਵਾਂ ਸਿੱਖਿਅਤ ਹਨ ਜਿਸ ਕਰਕੇ ਉਹ ਹੁਣ ਬਲਾਤਕਾਰ ਹੋਣ ਤੇ ਚੁੱਪ ਨਹੀਂ ਰਹਿੰਦੀਆਂ ਬਲਕਿ ਬਲਾਤਕਾਰ ਦੀਆਂ ਰਿਪੋਰਟਾਂ ਦਰਜ ਕਰਵਾਉਂਦੀਆਂ ਹਨ। ਸਾਲ 2008 ਵਿੱਚ ਮਹਿਲਾਵਾਂ ਨਾਲ ਬਲਾਤਕਾਰ ਦੀਆਂ 21467 ਰਿਪੋਰਟਾਂ ਦਰਜ ਹੋਈਆ ਜੋਕਿ ਸਾਲ 2016 ਵਿੱਚ 38947 ਤੱਕ ਪੁੱਜ ਗਈਆ ਹਨ। ਆਏ ਦਿਨ ਇਨ੍ਹਾਂ ਅਤਿਆਚਾਰਾਂ ਦਾ ਰੂਪ ਬਦਲਦਾ ਜਾ ਰਿਹਾ ਹੈ। ਅੱਜ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ



ਕੁਲਦੀਪ ਚੰਦ
91-94175-63054

(ਬਾਕੀ ਸਫਾ 29 'ਤੇ)

### 8 ਮਾਰਚ ਬਰਸੀ 'ਤੇ ਵਿਸ਼ੇਸ਼

# ਤਲਵਾਰ ਮੈਂ ਕਲਗੀਧਰ ਦੀ ਹਾਂ-ਅਮਰ ਸਿੰਘ ਚਮਕੀਲਾ ਅਤੇ ਅਮਰਜੋਤ



ਸਤਨਾਮ ਸਿੰਘ ਮੱਟੂ
91-97797-08257

ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਦੀ ਜੋੜੀ ਪੰਜਾਬੀ ਸੰਗੀਤ ਦੇ ਅੰਬਰਾਂ ਵਿੱਚ ਇੱਕ ਹਨੇਰੀ ਬਣਕੇ ਝੁੱਲੀ ਸੀ।ਇੱਕ ਸਥਿਰ,ਸਹਿਜ, ਸੁਰੀਲੀ ਅਤੇ ਮਿੱਠੀਆਂ ਆਵਾਜਾਂ ਦਾ ਸੁਮੇਲ ਸੀ ਇਹ ਜੋੜੀ। 21 ਜੁਲਾਈ1960 ਨੂੰ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਦੁਗਰੀ ਵਿੱਚ ਮਾਤਾ ਕਰਤਾਰ ਕੌਰ ਦੀ ਕੁੱਖੋਂ ਪਿਤਾ ਹਰੀ ਸਿੰਘ ਦੇ ਘਰ ਇੱਕ ਬਹੁਤ ਹੀ ਗ਼ਰੀਬ ਪਰਿਵਾਰ ਵਿੱਚ ਅਮਰ ਸਿੰਘ ਚਮਕੀਲੇ ਦਾ ਜਨਮ ਹੋਇਆ। ਸਾਰੇ ਭੈਣ ਭਰਾਵਾਂ ਚੌਂ ਛੋਟੇ ਅਤੇ ਲਾਡਲੇ ਦਾ ਘਰਦਿਆਂ ਨੇ ਨਾਮ ਧਨੀ ਰਾਮ ਰੱਖਿਆ ਸੀ। ਗਰੀਬ ਮਾਪਿਆਂ ਦੇ ਧਨੀਏ ਨੇ ਆਰਥਿਕ ਮੰਦਹਾਲੀ ਕਾਰਨ ਪੜ੍ਹਾਈ ਵਿੱਚੇ ਛੱਡ ਦਿੱਤੀ। ਇਲੈਕਟਰੀਸ਼ਨ ਦਾ ਕੰਮ ਸ਼ੁਰੂ ਕੀਤਾ, ਲੁਧਿਆਣੇ ਫੈਕਟਰੀ ਚ ਨੌਕਰੀ ਕੀਤੀ, ਪਰ ਸਭ ਵਿਅਰਥ । ਉਸ ਅੰਦਰ ਕਲਾਕਾਰੀ ਦਾ ਤੂਫਾਨ ਮੱਚਿਆ ਹੋਇਆ ਸੀ।ਉਹ ਤੂੰਬੀ ,ਢੋਲਕੀ ਅਤੇ ਹਾਰਮੋਨੀਅਮ ਤੇ ਆਪਣੀ ਹੱਥ ਅਜਮਾਈ ਕਰਦਾ ਰਹਿੰਦਾ ਸੀ,ਜਿਸ ਕਾਰਨ ਉਹ ਕਾਰਨ ਉਹ ਇਹਨਾਂ ਵਿੱਚ ਕਾਫੀ ਮੁਹਾਰਤ ਵੀ ਹਾਸਲ ਕਰ ਚੁੱਕਿਆ ਸੀ ।ਇਹ ਕੁਦਰਤ ਦਾ ਕਰਿਸ਼ਮਾ ਹੀ ਕਹਿ ਲਈਏ ਕਿ ਉਸਨੇ ਇਸ ਬਾਬਤ ਕਿਸੇ ਤੋਂ ਕੋਈ ਜਾਣਕਾਰੀ ਵੀ ਨਹੀਂ ਲਈ ਸੀ।ਗੀਤਾਂ ਦੀ ਤੁਕਬੰਦੀ ਉਹ ਪਹਿਲਾਂ ਹੀ ਕਰਦਾ ਸੀ। ਉਹ ਆਪਣੇ ਗੀਤਾਂ ਦੀ ਕਾਪੀ ਲੈਕੇ ਕਾਫੀ ਗਾਇਕਾਂ ਕੋਲ ਗਿਆ ,ਪਰ ਕਿਸੇ ਨੇ ਉਸਦੀ ਬਾਂਹ ਨਹੀਂ ਫੜੀ। ਅਖੀਰ ਇੱਕ ਦਿਨ ਫੈਕਟਰੀ ਨੂੰ ਜਾਂਦਿਆਂ ਕੁਦਰਤ ਨੇ ਸਹਿਜੇ ਹੀ ਉਸਦੇ ਪੈਰ ਪ੍ਰਸਿੱਧ ਗਾਇਕ ਸਰਿੰਦਰ ਛਿੰਦਾ ਦੇ ਦਫਤਰ ਵੱਲ੍ਹ ਮੋੜ ਦਿੱਤੇ। ਸਾਰਾ ਦਿਨ ਬਿਨਾਂ ਕੁਝ ਪੀਤੇ ਉਹਨਾਂ ਦੀ ਉਡੀਕ ਕਰਦਾ ਰਿਹਾ।ਸ਼ਾਮ ਨੂੰ ਸੁਰਿੰਦਰ ਛਿੰਦਾ ਨੇ ਉਸਦੇ ਗੀਤ ਪੜੇ ਅਤੇ ਆਪਣਾ ਸ਼ਾਗਿਰਦ ਬਣਾ ਕੇ ਗਰੁੱਪ ਵਿਚ ਸ਼ਾਮਿਲ ਕਰ ਲਿਆ। ਉਸਨੇ ਸੁਰਿੰਦਰ ਛਿੰਦਾ ਤੋਂ ਰਾਗਾਂ ਅਤੇ ਗੀਤਕਾਰੀ ਦੀ ਬਾਰੀਕੀਆਂ ਸਿੱਖੀਆਂ।ਬੁੜੈਲ ਚੰਡੀਗੜ੍ਹ ਵਿਖੇ ਰਾਮਲੀਲਾ ਆਏ ਧਨੀ ਰਾਮ ਨੂੰ ਗੀਤਕਾਰ ਸਨ-ਮੁੱਖ ਸਿੰਘ ਆਜਾਦ ਨੇ "ਅਮਰ ਸਿੰਘ ਚਮਕੀਲਾ" ਦਾ ਨਾਂ ਦਿੱਤਾ।ਉਸਦੀ ਲੇਖਣੀ ਵਿੱਚ ਪੰਜਾਬੀਅਤ ਦੀ ਝਲਕ ਪੈਂਦੀ ਹੈ ।ਜਿਸ ਤਰ੍ਹਾਂ ਆਪਣੇ ਗੀਤਾਂ ਵਿੱਚ ਮੁਹਾਵਰੇ ,ਲੋਕੋਕਤੀਆਂ ਅਤੇ ਆਖਾਣਾਂ ਦੀ ਸੁਚੱਜੀ ਵਰਤੋਂ ਉਸਨੇ ਕੀਤੀ ਹੈ,ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਘੱਟ ਪੜ੍ਹਿਆ ਲਿਖਿਆ ਹੋਣ ਤੇ ਵੀ ਉਸਦੇ ਗੀਤਾਂ ਵਿੱਚ ਅਲੰਕਾਰਾਂ ਦੀ ਵਰਤੋਂ ਬਾਕਮਾਲ ਹੈ।ਉਸਦਾ ਗੀਤ " ਨੀ ਮੈਂ ਡਿੱਗੀ ਤਿਲਕ ਕੇ..." ਸੁਰਿੰਦਰ ਛਿੰਦਾ ਅਤੇ ਗੁਲਸ਼ਨ ਕੋਮਲ ਨੇ ਐਲ ਪੀ ਕਰਵਾਇਆ ਤਾਂ ਉਸਦੀ ਗੀਤਕਾਰਾਂ ਚ ਗਿਣਤੀ ਹੋਣ ਲਗ ਪਈ। ਉਸਦੇ ਲਿਖੇ ਗੀਤਾਂ ਨੂੰ ਉਸ ਵੇਲੇ ਸਾਰੇ ਮੰਨੇ ਪ੍ਰਮੰਨੇ ਫਨਕਾਰਾਂ ਕੁਲਦੀਪ ਮਾਣਕ, ਮੁਹੰਮਦ ਸਦੀਕ, ਕੇ ਦੀਪ ਆਦਿ ਨੇ ਗਾਇਆ ਹੈ। ਗਾਇਕੀ ਵਿੱਚ ਆਪਣਾ ਨਾਮ ਬਣਾਉਣ ਲਈ ਚਮਕੀਲੇ ਨੇ ਲੰਮਾ ਸੰਘਰਸ਼ ਕੀਤਾ। ਉਹ ਸੁਰਿੰਦਰ ਛਿੰਦਾ ਨਾਲ ਸਟੇਜਾਂ ਤੇ ਗਾਉਂਦਾ ਰਿਹਾ ਹੈ। ਸ਼ੁਰੂ ਵਿੱਚ ਚਮਕੀਲਾ ਮਸ਼ਹੂਰ ਗਾਇਕ ਹਰਚਰਨ ਗਰੇਵਾਲ ਨਾਲ ਵੀ ਗਾਉਣ ਜਾਂਦਾ ਰਿਹਾ ਸੀ। ਚਮਕੀਲੇ ਨੇ ਖ਼ੁਦ ਗਾਇਕੀ ਵਿੱਚ ਪੈਰ ਰੱਖਣ ਲਈ ਉਸ ਸਮੇਂ ਦੀ ਮਸ਼ਹੂਰ ਗਾਇਕਾ ਸੁਰਿੰਦਰ ਸੋਨੀਆ ਨਾਲ 1979 ਵਿੱਚ ਦੋ ਐਲ ਪੀ 'ਟਕੂਏ 'ਤੇ ਟਕੂਆ ਖੜਕੇ' "ਹਾਏ ਰੱਬਾ ਵਿੱਚ ਟਰੱਕਾਂ ਦੇ "ਅਤੇ 'ਬਾਪੂ ਸਾਡਾ ਗੁੰਮ ਹੋ ਗਿਆ' ਰਿਕਾਰਡ ਕਰਵਾਏ। ਜੋ ਗੀਤ ਬਹੁਤ ਹਿੱਟ ਹੋਏ ਤੇ ਚਮਕੀਲੇ ਦਾ ਨਾਂ ਗਾਇਕੀ ਵਿੱਚ ਵੀ ਬਣ ਗਿਆ। ਇਸ ਤੋਂ ਬਾਅਦ ਚਮਕੀਲੇ ਦੇ ਅਮਰਜੋਤ ਨਾਲ ਕਈ ਦੋਗਾਣੇ ਮਾਰਕੀਟ ਵਿੱਚ ਆਏ, ਜਿਵੇਂ- 'ਜੀਜਾ ਲੱਕ ਮਿਣ ਲੈ', 'ਕੀ ਜ਼ੋਰ ਗ਼ਰੀਬਾਂ ਦਾ', 'ਧੋਖਾ ਨਹੀਂ ਕਮਾਈਦਾ', 'ਜੋੜੀ ਤੋਂ ਲੱਡੂ ਵਾਰ', 'ਭੁੱਲ ਗਈ ਮੈਂ ਘੁੰਡ ਕੱਢਣਾ', 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ',"ਭੁਲਗੀ ਮੈਂ ਘੁੰਡ ਕੱਢਣਾ", ਧਾਰਮਿਕ ਗੀਤ" ਨਾਮ ਜੱਪ ਲੈ ਨਿਵਾਣੀ ਜਿੰਦੇ ਮੇਰੀਏ," "ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ", "ਨਰਕਾਂ ਨੂੰ ਜਾਵੇ ਸਰਹੰਦ ਦੀ ਦੀਵਾਰੇ", "ਤਲਵਾਰ ਮੈਂ ਕਲਗੀਧਰ ਦੀ ਹਾਂ" ਆਦਿ ਗਾਇਕੀ ਦੇ ਅੰਬਰ ਮੀਲ ਪੱਥਰ ਸਾਬਤ ਹੋਏ। ਚਮਕੀਲੇ ਦੇ ਕਰੀਬ 100 ਗੀਤ ਰਿਕਾਰਡ ਹੋਏ, ਸਾਰੇ ਦੇ ਸਾਰੇ ਸੂਪਰ ਹਿੱਟ ਹੋਏ ਅਤੇ ਸਰੋਤਿਆਂ ਦੇ ਦਿਲਾਂ ਤੇ ਅੱਜ ਰਾਜ ਕਰਦੇ ਹਨ। ਆਪਣੇ ਲਿਖੇ ਗੀਤਾਂ ਤੋਂ ਇਲਾਵਾ ਚਮਕੀਲੇ ਨੇ ਗੀਤਕਾਰ ਸਵਰਨ ਸਿਵੀਆ, ਸਨਮੁੱਖ ਸਿੰਘ ਆਜ਼ਾਦ, ਦਲਜੀਤ ਦਰਦੀ, ਗਿੱਲ ਨੱਥੋਹੇੜੀ, ਸੇਵਾ ਸਿੰਘ ਨੌਰਥ, ਦੇਬੀ ਮਖਸੂਸਪੁਰੀ, ਕਰਮ ਸਿੰਘ ਮੱਹਾਲਵੀ, ਹਰਜੀਤ ਗਿੱਲ ਤੇ ਪਾਲੀ ਦੇਤਵਾਲੀਆ ਦੇ ਲਿਖੇ ਗੀਤ ਗਾਏ। ਸਟੇਜੀ ਪ੍ਰੋਗਰਾਮਾਂ ਦੌਰਾਨ ਸੁਰਿੰਦਰ ਸੋਨੀਆ ਤੇ ਅਮਰਜੋਤ ਤੋਂ ਇਲਾਵਾ ਚਮਕੀਲੇ ਦਾ ਸਾਥ ਊਸ਼ਾ ਕਿਰਨ ਤੇ ਹਰਨੀਤ ਨੀਤੂ ਨੇ ਵੀ ਦਿੱਤਾ।

ਚਮਕੀਲੇ ਨੇ ਜਿੰਨੇ ਵੀ ਗੀਤ ਗਾਏ, ਸਾਰੇ ਪ੍ਰਸਿੱਧੀ ਦੇ ਹੱਦ ਬੰਨੇ ਟੱਪ ਗਏ ਕਿਉਂਕਿ ਚਮਕੀਲੇ ਨੇ ਉਸ ਸਮੇਂ ਦੇ ਪੰਜਾਬੀ ਪੇਂਡੂ ਜਨ ਜੀਵਨ ਨੂੰ ਹੂਬਹੂ ਆਪਣੇ ਗੀਤਾਂ ਵਿੱਚ ਪੇਸ਼ ਕੀਤਾ। ਇਸ ਤੋਂ ਇਲਾਵਾ ਉਹ ਠੇਠ ਪੰਜਾਬੀ ਦੀ ਵਰਤੋਂ ਕਰਦਾ ਸੀ।

ਚਮਕੀਲੇ ਦੇ ਗਾਏ ਧਾਰਮਿਕ ਗੀਤ ਅੱਜ ਵੀ ਧਾਰਮਿਕ ਸਥਾਨਾਂ 'ਤੇ ਸੁਣਨ ਨੂੰ ਮਿਲਦੇ ਹਨ। 'ਬਾਬਾ ਤੇਰਾ ਨਨਕਾਣਾ', 'ਤਲਵਾਰ ਮੈਂ ਕਲਗੀਧਰ ਦੀ ਹਾਂ', ਨਾਮ ਜਪ ਲੈ' ਰਿਕਾਰਡ ਆਉਣ 'ਤੇ ਚਮਕੀਲਾ ਧਾਰਮਿਕ ਸਫ਼ਾਂ ਵਿੱਚ ਵੀ ਚਰਚਿਤ ਹੋ ਗਿਆ ਸੀ। ਚਮਕੀਲੇ ਨੇ ਦੋਗਾਣੇ ਅਤੇ ਧਾਰਮਿਕ ਗੀਤਾਂ ਤੋਂ ਇਲਾਵਾ ਸੋਲੋ ਗੀਤ, ਲੋਕ ਗਥਾਵਾਂ, ਲੋਕ ਤੱਥ, ਲੋਕ ਗੀਤ ਅਤੇ ਕਲੀਆਂ ਵੀ ਗਾਈਆਂ।

ਚਮਕੀਲੇ ਨੇ ਧੂੰਵੇਂ ਚਾਦਰੇ,ਕੁ ਤੇ ਤੁਰਲੇ ਵਾਲੀ ਪੱਗ ਜਿਹੇ ਅਮੀਰ ਪਹਿਰਾਵੇ ਨੂੰ ਆਪਣੀਆਂ ਸਟੇਜਾਂ ਦਾ ਸ਼ਿੰਗਾਰ ਬਣਾਇਆ। ਚਮਕੀਲਾ ਇੱਕ ਵਧੀਆ ਗੀਤਕਾਰ ਤੇ ਗਾਇਕ ਹੋਣ ਦੇ ਨਾਲ ਵਧੀਆ ਤਰਜ਼ ਨਿਗਾਰ ਵੀ ਸੀ। ਤੂੰਬੀ ਵਜਾਉਣ ਵਿੱਚ ਉਸ ਦਾ ਕੋਈ ਸਾਨੀ ਨਹੀਂ ਸੀ। ਚਮਕੀਲਾ ਪੰਜਾਬੀ ਗਾਇਕੀ ਵਿੱਚ ਹਨੇਰੀ ਬਣ ਕੇ ਝੁੱਲਿਆ ਸੀ ਅਤੇ ਉਸ ਨੇ ਆਪਣੇ ਸਮੇਂ ਦੇ ਸਾਰੇ ਗਾਇਕਾਂ ਨੂੰ ਪਿੱਛੇ ਛੱਡ ਦਿੱਤਾ ਸੀ। ਚਮਕੀਲੇ ਦੇ ਗੀਤ ਏਨੇ ਹਿੱਟ ਹੋਏ ਸਨ ਕਿ ਉਸ ਸਮੇਂ ਉਸਦੇ ਇੱਕ ਦਿਨ ਵਿੱਚ ਕਈ ਕਈ ਪ੍ਰੋਗਰਾਮ ਲੱਗ ਜਾਂਦੇ ਸਨ। ਚਮਕੀਲੇ ਦੇ ਹਿੱਟ ਹੋਣ ਪਿੱਛੇ ਅਮਰਜੋਤ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਉਸਦੀ ਆਵਾਜ਼ ਵਿੱਚ ਮਿਠਾਸ, ਸੁਰੀਲਾਪਣ, ਸੋਜ ਸੀ, ਜੋ ਚਮਕੀਲੇ ਨਾਲ ਸੋਨੇ ਤੇ ਸੁਹਾਗਾ ਬਣੀ। ਚਮਕੀਲਾ ਗੀਤ ਨੂੰ ਸਟੇਜ ਤੇ ਗਾਕੇ ਗੀਤ ਬਾਰੇ ਸਰੋਤਿਆਂ ਦੀ ਪਹਿਲਾਂ ਪ੍ਰਤੀਕ੍ਰਿਆ ਲੈਂਦਾ ਸੀ ,ਫਿਰ ਚਰਨਜੀਤ ਆਹੂਜਾ ਜੀ ਕੋਲ ਜਾਕੇ ਕਹਿੰਦਾ ਸੀ ਕਿ ਕੈਸਟ ਵਿੱਚ ਇਸ ਦੀ ਜਗ੍ਹਾ ਆਹ ਗੀਤ ਪਾਓ। ਪੰਜਾਬੀ ਮੁਹਾਵਰਿਆਂ ਅਤੇ ਆਖਾਣਾਂ ਨੂੰ ਗੀਤ ਵਿੱਚ ਢੁੱਕਵੀਂ ਥਾਂ ਵਰਤਣਾ ਚਮਕੀਲੇ ਨੂੰ ਬਾਖ਼ੂਬੀ ਆਉਂਦਾ ਸੀ।ਉਸਨੇ ਪੰਜਾਬੀ ਫ਼ਿਲਮ "ਪਟੋਲਾ" ਵਿੱਚ ਗੀਤ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ' ਗਾਇਆ ਸੀ, ਜਿਸ ਕਰਕੇ ਇਹ ਫਿਲਮ ਹਿੱਟ ਹੋਈ ਸੀ।ਜਦੋਂ ਫਿਲਮ ਵਿੱਚ ਚਮਕੀਲੇ ਦਾ ਇਹ ਗੀਤ ਆਉਂਦਾ ਸੀ ਤਾਂ ਉਸਦੇ ਫੈਨ ਸਿਨਮੇ ਦੀ ਸਕਰੀਨ ਤੇ ਪੈਸੇ ਸੁੱਟਣ ਲੱਗ ਜਾਂਦੇ ਸਨ।

ਸਮਾਜ ਅਖੌਤੀ ਰਾਖਿਆ ਨੇ ਉਸਦੇ ਗੀਤਾਂ ਉੱਤੇ ਲੱਚਰਤਾ ਦਾ ਲੇਬਲ ਲਾ ਦਿੱਤਾ।ਉਸਨੂੰ ਚੁਫੇਰਿਓਂ ਧਮਕੀਆਂ ਮਿਲਣ ਲੱਗ ਪਈਆਂ ਸਨ।ਇਸ ਗੱਲ ਦਾ ਜ਼ਿਕਰ ਉਹਨੇ ਸੰਗੀਤ ਸਮਰਾਟ ਸੰਗੀਤਕਾਰ ਸਵਰਗੀ ਜਸਵੰਤ ਭੰਵਰਾ ਕੋਲ ਕੀਤਾ ਸੀ ਅਤੇ ਕਿਹਾ ਸੀ,"ਉਸਤਾਦ ਜੀ, ਲੱਗਦਾ ਏ, ਜ਼ਿੰਦਗੀ ਨੂੰ ਜਿਆਦਾ ਨਹੀਂ ਹੋਵੇਗੀ। ਮੌਤ ਦਾ ਖਤਰਾ ਸਿਰ ਤੇ ਮੰਡਰਾ ਰਿਹਾ ਹੈ।" ਭੰਵਰਾ ਜੀ ਨੇ ਉਹਨੂੰ ਹਰਿਮੰਦਰ ਸਾਹਿਬ ਜਾਕੇ ਭੁੱਲ ਬਖਸ਼ਾਉਣ ਅਤੇ ਧਾਰਮਿਕ ਗੀਤ ਗਾਉਣ ਸਲਾਹ ਦਿੱਤੀ ਸੀ। ਉਹਨਾਂ ਦੀ ਗੱਲ ਮੰਨ ਕੇ ਚਮਕੀਲਾ ਦਰਬਾਰ ਸਾਹਿਬ ਅੰਮ੍ਰਿਤਸਰ ਗਲਤੀ ਵੀ ਮੰਨ ਆਇਆ ਸੀ।ਇਸ ਨਾਲ ਧਮਕੀਆਂ ਦਾ ਸਿਲਸਿਲਾ ਕੁੱਝ ਸਮੇਂ ਲਈ ਰੁਕ ਵੀ ਗਿਆ ਸੀ। ਉਸਦੇ ਗਾਏ ਧਾਰਮਿਕ ਗੀਤਾਂ ਦਾ ਅੱਜ ਵੀ ਕੋਈ ਮੁਕਾਬਲਾ ਨਹੀਂ।

ਚਮਕੀਲੇ ਦੀ ਕਲਮ ਨੇ ਆਪਣੇ ਗੀਤਾਂ ਚ ਸਮਾਜ ਦਾ ਉਹੀ ਪੱਖ ਉਘਾੜਿਆ ਸੀ,ਜੋ ਪਰਦੇ ਪਿੱਛੇ ਵਾਪਰ ਰਿਹਾ ਸੀ।

ਉਸਦੀ ਰਿਕਾਰਡ ਹੋਈ ਆਖਰੀ ਕੈਸਟ ਨੂੰ ਉਸਨੇ ਰਿਲੀਜ਼ ਨਾ ਕਰਨ ਦੀ ਕੰਪਨੀ ਨੂੰ ਬੇਨਤੀ ਕੀਤੀ ਸੀ ,ਪਰ ਮੌਤ ਦੇ ਭੂਤ ਨੇ ਅਜਿਹਾ ਨਹੀਂ ਹੋਣ ਦਿੱਤਾ।ਅਖੀਰ 8 ਮਾਰਚ 1988 ਨੂੰ ਜਲੰਧਰ ਜਿਲ੍ਹੇ ਦੇ ਪਿੰਡ ਮਹਿਸਮਪੁਰ ਚ ਮੌਤ ਦੇ ਖੂਨੀ ਪੰਜਿਆਂ ਨੇ ਇਸ ਜੋੜੀ ਨੂੰ ਸਾਡੇ ਤੋਂ ਸਦਾ ਲਈ ਖੋਹ ਲਿਆ।ਪੰਜਾਬ ਚ ਝੁੱਲੀ ਦਹਿਸ਼ਤਗਰਦੀ ਦੀ ਹਨੇਰੀ ਨੇ ਇੱਕ ਵਿਆਹ ਪ੍ਰੋਗਰਾਮ ਸਮੇਂ ਉਹਨਾਂ ਨੂੰ ਗੋਲੀਆਂ ਨਾਲ ਸਦਾ ਦੀ ਨੀਂਦ ਸੁਆ ਦਿੱਤਾ।

ਭਾਵੇਂ ਉਹ ਅੱਜ ਸਰੀਰਕ ਤੌਰ ਤੇ ਸਾਡੇ ਦਰਮਿਆਨ ਨਹੀਂ ਹਨ ,ਪਰ ਉਹਨਾਂ ਦੀ ਆਵਾਜ਼ ਗੀਤਾਂ ਦੇ ਰੂਪ ਚ ਇਸ ਕੁਦਰਤੀ ਫਿਜਾ ਚ ਹਮੇਸ਼ਾ ਗੂੰਜਦੀ ਰਹੇਗੀ।

ਉਨ੍ਹਾਂ ਦੀ ਬਰਸੀ ਹਰ ਸਾਲ 8 ਮਾਰਚ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਦੁੱਗਰੀ, ਜ਼ਿਲ੍ਹਾ ਲੁਧਿਆਣੇ ਵਿਖੇ ਮਨਾਈ ਜਾਂਦੀ ਹੈ।



# ਮਹਿਲਾਵਾਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਆਏ ਸਾਲ ਹੋ ਰਿਹਾ ਹੈ ਵਾਧਾ

(ਸਫਾ 29 ਦੀ ਬਾਕੀ)

ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਅਜਾਦੀ ਦੇ 70 ਸਾਲਾਂ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲਅੰਦਾਜੀ ਕਰਨੀ ਪੈ ਰਹੀ ਹੈ। ਰਾਸ਼ਟਰੀ ਮਹਿਲਾ ਅਯੋਗ ਦੀਆਂ ਰਿਪੋਰਟਾਂ ਅਨੁਸਾਰ ਮਹਿਲਾਵਾਂ ਤੇ ਕਈ ਤਰ੍ਹਾਂ ਨਾਲ ਅਤਿਆਚਾਰ ਹੋ ਰਿਹਾ ਹੈ। ਰਾਸ਼ਟਰੀ ਮਹਿਲਾ ਆਯੋਗ ਕੋਲ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਮੈਰਿਜ ਸਬੰਧੀ ਸ਼ਕਾਇਤਾਂ ਦਰਜ ਹੋਈਆਂ ਹਨ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿ-ਕਾਰ ਪ੍ਰਾਪਤ ਹਨ ਇਸਦੇ ਬਾਬਜੂਦ ਦੇਸ਼ ਦੀ ਰਾਜਨੀਤੀ ਵਿੱਚ ਵੀ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਲੋਕ ਸਭਾ ਵਿੱਚ ਮੌਜੂਦਾ ਕੁੱਲ 543 ਮੈਂਬਰਾਂ ਵਿਚੋਂ ਸਿਰਫ 62 ਮਹਿਲਾਵਾਂ ਮੈਂਬਰ ਹਨ, ਰਾਜ ਸਭਾ ਦੀਆਂ ਕੁੱਲ 245 ਸੀਟਾਂ ਵਿਚੋਂ ਸਿਰਫ 38 ਮਹਿਲਾਵਾਂ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 82 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 09 ਹੀ ਮਹਿਲਾਵਾਂ ਹਨ। ਵਿਕਸਿਤ ਕਹਾਉਣ ਵਾਲੇ ਸੂਬੇ ਪੰਜਾਬ ਵਿੱਚ ਵੀ ਮਹਿਲਾਵਾਂ ਪ੍ਰਤੀ ਅਪਰਾਧ ਵੱਧ ਰਹੇ ਹਨ। ਪੰਜਾਬ ਨੂੰ ਕੁੜੀਮਾਰ ਦਾ ਕਲੰਕ ਲੱਗ ਚੁੱਕਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੂਣੀ ਹਿੱਸੇਦਾਰੀ ਹੈ। 2012 ਵਿੱਚ ਜਿੱਥੇ ਵਿਧਾਨ ਸਭਾ ਵਿੱਚ 14 ਮਹਿਲਾਵਾਂ ਵਿਧਾਇਕ ਸਨ ਹੁਣ 2017 ਵਿੱਚ ਇਹ ਗਿਣਤੀ ਘੱਟਕੇ ਸਿਰਫ 06 ਹੀ ਰਹਿ ਗਈ ਹੈ। ਜੇਕਰ ਪੰਜਾਬ ਦੇ ਕੈਬਿਨਟ ਨੂੰ ਵੇਖੀਏ ਤਾਂ ਮੌਜੂਦਾ ਸਮੇਂ 07 ਕੈਬਿਨਟ ਮੰਤਰੀਆਂ ਵਿੱਚੋਂ ਕੋਈ ਵੀ ਮਹਿਲਾ ਨਹੀਂ ਹੈ ਅਤੇ 02 ਨੂੰ ਸਿਰਫ ਰਾਜ ਮੰਤਰੀ ਹੀ ਬਣਾਇਆ ਗਿਆ ਹੈ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 01 ਹੀ ਮਹਿਲਾ ਲੋਕ ਸਭਾ ਮੈਂਬਰ ਹੈ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਵੀ ਸਿਰਫ 01 ਹੀ ਮਹਿਲਾ ਰਾਜ ਸਭਾ ਮੈਂਬਰ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਸਹਿਰੀ ਸ਼ਾਸਨ ਨਗਰ ਕੌਂਸਲ, ਕਾਰਪੋਰੇਸ਼ਨ ਆਦਿ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਬੇਸ਼ੱਕ ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਪਤੀ, ਦਿਉਰ, ਸਹੁਰਾ, ਪੁੱਤਰ ਆਦਿ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ। ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਹਾਲਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਵੀ ਲੰਬਾ ਸਮਾਂ ਇਹ ਭੁਲੇਖਾ ਹੀ ਰਹਿੰਦਾ ਹੈ ਕਿ ਅਸਲੀ ਅਹੁਦੇਦਾਰ ਕੋਣ ਹੈ। ਦੇਸ਼ ਅਤੇ ਸਮਾਜ ਵਿੱਚ ਕੋਈ ਸਮਸਿਆ ਆਈ ਹੈ ਤਾਂ ਮਹਿਲਾਵਾਂ ਨੇ ਪੁਰਸ਼ਾਂ ਦੇ ਮੌਢੇ ਨਾਲ ਮੌਢਾ ਜੋੜਕੇ ਉਸ ਸਮਸਿਆ ਦਾ ਹੱਲ ਕੀਤਾ ਹੈ ਜਿਸਦੀਆਂ ਸੈਂਕੜੇ ਉਦਾਹਰਣਾਂ ਕਾਇਮ ਹਨ। ਜੇਕਰ ਅਸੀਂ ਦੇਸ ਅਤੇ ਸਮਾਜ ਨੂੰ ਵਿਕਾਸ ਦੀਆਂ ਲੀਹਾਂ ਤੇ ਲਿਜਾਉਣਾ ਹੈ ਤਾਂ ਅਜਿਹੇ ਰੂੜੀਵਾਦੀ ਸੋਚ ਵਾਲੇ ਵਿਅਕਤੀਆਂ ਖਿਲਾਫ ਬਣਦੀ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਰੋਕਣੀ ਚਾਹੀਦੀ ਹੈ। ਸਹੀ ਅਰਥਾਂ ਵਿੱਚ ਮਹਿਲਾ ਦਿਵਸ ਤਾਂ ਹੀ ਸਾਰਥਕ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ।

ਇਸ ਲਈ ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

# ਪੰਜਾਬ ਸਰਕਾਰ ਦਲਿਤ ਵਿਰੋਧੀ ਹੋਈ



ਭੁਪਿੰਦਰ ਕੁਮਾਰ

ਪੰਜਾਬ ਅੰਦਰ ਝੂਠੇ ਵਾਅਦੇ ਕਰਕੇ ਸੱਤਾ ਵਿਚ ਆਈ ਕਾਂਗਰਸ ਸਰਕਾਰ ਦਲਿਤਾਂ ਨਾਲ ਧੱਕਾ ਕਰ ਰਹੀ ਹੈ। ਪਿਛਲੇ ਦਿਨੀਂ ਜੋ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਬਿਜਲੀ ਬਿਲ ਆਏ, ਉਹਨਾਂ ਵਿਚ ਸਰਕਾਰ ਵੱਲੋਂ ਫਰੀ ਬਿਜਲੀ ਤਾਂ ਬੰਦ ਕੀਤੀ ਹੈ, ਬਿਜਲੀ ਦੀਆਂ ਦਰਾਂ ਵਧਾ ਕੇ 1 ਅਪ੍ਰੈਲ 2017 ਤੋਂ ਵਾਧਾ ਵਸੂਲਿਆ ਜਾ ਰਿਹਾ ਹੈ। ਕਈ ਗਰੀਬ ਲੋਕਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਜਦੋਂ ਤੋਂ ਸਰਕਾਰ ਬਣੀ ਹੈ, ਹਰ ਪਾਸੇ ਅਨੁਸੂਚਿਤ ਜਾਤੀ ਦੇ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਤਾਂ ਮੁਆਫ ਕੀਤੇ ਜਾ ਰਹੇ ਹਨ ਪਰ ਦਲਿਤ ਲੋਕਾਂ ਦੇ ਹੱਦ ਕਰਜਿਆਂ ਦੀ ਮਾਫੀ ਤੇ ਕੋਈ ਐਲਾਨ ਨਹਾਂ ਕੀਤਾ। ਕਈ ਪਰਿਵਾਰ ਹੱਦ ਕਰਜੇ ਮੋੜਨ ਵਿਚ ਅਸਮਰੱਥ ਹਨ। ਉਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਥੀਆਂ ਨੂੰ ਫੀਸਾਂ ਲਈ ਕਾਲਜਾਂ ਵਿਚ ਤੰਗ ਕੀਤਾ ਜਾ ਰਿਹਾ ਹੈ, ਜਦਕਿ ਕੇਂਦਰ ਸਰਕਾਰ ਵੱਲੋਂ ਆਏ 115 ਕਰੋੜ ਰੁਪਏ ਦਾ ਪਤਾ ਨਹੀਂ ਲੱਗਾ ਕਿ ਸਰਕਾਰ ਨੇ ਕਿੱਥੇ ਖਰਚ ਕੀਤੇ। ਅਗਲਾ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ ਪਰ ਪਿਛਲਾ ਇਕ ਪੈਸਾ ਵੀ ਕਾਲਜਾਂ ਨੂੰ ਨਹੀਂ ਦਿੱਤਾ, ਜਿਸ ਕਾਰਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ ਪੜ੍ਹ ਰਹੇ ਵਿਦਿਆਰਥੀ ਜਿੱਥੇ ਪ੍ਰੇਸ਼ਾਨ ਹਨ, ਉਥੇ ਕਾਲਜਾਂ ਵੱਲੋਂ ਵੀ ਟੀਚਰਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਹਨ ਅਤੇ ਬਹੁਤੇ ਕਾਲਜ ਕਰਜ਼ੇ ਚੁੱਕ-ਚੁੱਕ ਕੇ ਫੰਡ ਜੁਟਾ ਰਹੇ ਹਨ ਅਤੇ ਬੰਦ ਹੋਣ ਦੇ ਕੰਢੇ ਹਨ।

ਇਸ ਤੋਂ ਇਲਾਵਾ ਘਰ-ਘਰ ਨੌਕਰੀਆਂ ਦੇਣ ਦਾ ਦਾਅਵਾ ਆਪਣੇ ਚੋਣ ਮੈਨੀਫੈਸਟੋ ਵਿਚ ਕਰਕੇ ਸੱਤਾ ਵਿਚ ਆਈ ਕਾਂਗਰਸ ਪਾਰਟੀ ਵੱਲੋਂ ਠੇਕੇ 'ਤੇ ਭਰਤੀ ਕੀਤੇ ਗਏ ਹਜ਼ਾਰਾਂ ਮੁਲਾਜ਼ਮ ਕੱਢ ਦਿੱਤੇ ਅਤੇ ਦਫਤਰ ਖਾਲੀ ਪਏ ਹਨ ਕਿਉਂਕਿ ਨਵੀਂ ਭਰਤੀ ਬਿਲਕੁਲ ਵੀ ਨਹੀਂ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਐਨੀ ਅਰਾਜਕਤਾ ਨਹੀਂ ਸੀ। ਘਰ-ਘਰ ਨੌਕਰੀ ਦੇਣ ਦੇ ਵਾਅਦੇ ਅਧੀਨ ਸਰਾਕਰ ਹੁਣ ਰੋਜ਼ਗਾਰ ਮੇਲੇ ਲਾ ਕੇ ਪ੍ਰਾਈਵੇਟ ਕੰਪਨੀਆਂ ਵਿਚ ਭਰਤੀ ਦਾ ਢੰਡੋਰਾ ਪਿੱਟ ਰਹ ਹੈ। ਪਰ ਲੋਕ ਸਰਕਾਰੀ ਨੌਕਰੀਆਂ ਦੇ ਵਾਅਦੇ ਨੂੰ ਪੂਰਾ ਕਰਨ ਲਈ ਉਡੀਕ ਰਹੇ ਹਨ। ਕਾਂਗਰਸ ਸਰਕਾਰ ਵੱਲੋ ਸਿਰਫ ਕਿਸਾਨਾਂ ਦੇ ਕਰਜ਼ਿਆਂ ਦਾ ਖਿਆਲ ਹੈ, ਬਾਕੀ ਕਿਸੇ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਨਹੀਂ। ਇਹ ਜਾਣਦੇ ਹੋਏ ਕਿ ਅਨੁਸੂਚਿਤ ਜਾਤੀ ਦੇ ਲੋਕ ਵੱਡੀ ਗਿਣਤੀ ਵਿਚ ਹਨ ਅਤੇ ਸਭ ਤੋਂ ਵੱਧ ਵੋਟਾਂ ਇਹਨਾਂ ਲੋਕਾਂ ਦੀਆਂ ਹਨ, ਫਿਰ ਵੀ ਇਹਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਸਰਕਾਰ ਵਿਚ ਬੈਠੇ ਦਲਿਤ ਮੰਤਰੀ ਅਤੇ ਵਿਧਾਇਕ ਆਪਣੇ ਮੂੰਹ ਬੰਦ ਕਰਕੇ ਸਭ ਕੁਝ ਦੇਖ ਰਹੇ ਹਨ ਅਤੇ ਉਹਨਾਂ ਦੇ ਸਾਹਮਣੇ ਕੈਪਟਨ ਸਾਹਿਬ ਗਰੀਬ ਦਲਿਤ ਲੋਕਾਂ ਨਾਲ ਹਰ ਪੱਖੋਂ ਧੋਖਾ ਕਰ ਰਹੇ ਹਨ।

ਕ੍ਰਾਂਤੀ ਮੇਲੇ 4 ਮਾਰਚ 'ਤੇ ਵਿਸ਼ੇਸ਼

# ਕੰਮੀਆਂ ਦੇ ਵਿਹੜਿਆਂ ਦਾ ਚੜ੍ਹਦਾ ਸੂਰਜ ਸੀ- ਮੱਖਣ ਕ੍ਰਾਂਤੀ



ਐਸ ਐਲ ਵਿਰਦੀ
ਐਡਵੋਕੇਟ
91-98145-17499

ਕੰਮੀਆਂ ਦੇ ਵਿਹੜਿਆਂ 'ਚ ਨਾਟਕਾਂ/ਕੋਰੀਓਗ੍ਰਾਫੀਆਂ, ਗੀਤਾਂ ਤੇ ਕਵਿਤਾਵਾਂ ਰਾਹੀਂ ਲੁੱਟਮਈ ਵਿਵਸਥਾ ਵਿਰੁੱਧ ਬਚਪਨ ਤੋਂ ਹੀ ਅਣਖ਼ ਜਗਾਉਣ ਵਾਲਾ ਅਣਥੱਕ ਯੋਧਾ ਮੱਖਣ ਕ੍ਰਾਂਤੀ 27 ਫ਼ਰਬਰੀ 2017 ਨੂੰ ਇਕ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਬੇਵਕਤ ਤੇ ਝੰਜੋੜ ਕੇ ਰੱਖ ਦੇਣ ਵਾਲੀ ਇਹ ਦੁਰਘਟਨਾ ਅਸਿਹ ਹੈ। ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਬੈਨਰ ਹੇਠ 25 ਸਾਲ ਪਹਿਲਾਂ ਉਸ ਨੇ ਆਪਣੇ ਵੱਡੇ ਭਰਾ ਸੋਢੀ ਰਾਣਾ ਦੀ ਰਹਿਨੁਮਾਈ 'ਚ ਮੇਹਨਤਕਸ਼ਾਂ ਦੇ ਦੁੱਖ-ਦਰਦਾਂ ਨੂੰ ਦੂਰ ਕਰਨ ਲਈ ਆਵਾਜ਼ ਬੁਲੰਦ ਕੀਤੀ। ਉਸ ਨੇ ਹਜ਼ਾਰਾਂ ਸਟੇਜਾਂ 'ਤੇ ਸਮੇਂ ਦੇ ਹਾਕਮਾਂ ਤੇ ਲੋਟੂਆਂ ਨੂੰ ਲਲਕਾਰਿਆ। ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਦੀ ਪ੍ਰੇਰਨਾ ਨੇ ਉਸ ਨੂੰ ਹੋਰ ਪ੍ਰਚੰਡ ਕਰ ਦਿੱਤਾ। ਪਿੰਡ 'ਚ ਹੀ ਉਹਨਾਂ ਬਲਰਾਜ ਸਾਹਨੀ ਯਾਦਗਾਰੀ ਨਾਟਕ ਮੇਲਾ ਸਥਾਪਿਤ ਕੀਤਾ ਜੋ ਕਈ ਸਾਲਾਂ ਤੋਂ ਨਿਰੰਤਰ ਜਾਰੀ ਹੈ।

ਮੱਖਣ ਕ੍ਰਾਂਤੀ ਦਾ ਜੀਵਨ ਸੰਗਰਾਂਮ ਭੇਦ-ਭਾਵ, ਨਫ਼ਰਤ ਤੇ ਗੁਰਬਤ ਦੀ ਮਾਰ ਹੇਠ ਦੱਬੇ ਮਨੁੱਖ ਦੀ ਗਾਥਾ ਹੈ। ਮੱਖਣ ਤੇ ਉਹਨਾਂ ਦੇ ਪਰਿਵਾਰ ਨੇ ਪੁਰਾਣਾ ਬਹੁਤ ਕੁਝ ਰੱਦ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਦਲਿਤ ਕਵੀ ਮਾਨਵ-ਮਾਨਵ ਵਿੱਚ ਭੇਦ-ਭਾਵ ਕਰਨ ਵਾਲੇ ਪ੍ਰਮਾਤਮਾਂ, ਦੇਵੀ ਦੇਵਤਿਆਂ ਨੂੰ ਅਸਵੀਕਾਰ ਕਰਦੇ ਹਨ। ਉਹ ਆਪਣੇ ਨਾਲ ਹੋ ਰਹੇ ਅਨਿਆਂ, ਅੱਤਿਆਚਾਰ ਅਤੇ ਭੇਦ-ਭਵ ਦਾ ਕਾਰਨ ਕਾਲਪਨਿਕ ਈਸ਼ਵਰ ਨੂੰ ਮੰਨਦੇ ਹਨ। ਦਲਿਤ ਸਾਹਿਤ ਪ੍ਰੰਪਰਵਾਦ ਵੀ ਵਿਰੋਧੀ ਹੈ। ਦਲਿਤ ਚਿੰਤਨ ਅਨੁਸਾਰ ''ਸੰਸਾਰ ਵਿੱਚ ਕੋਈ ਵੀ ਵਸਤੂ ਸਨਾਤਨ ਨਹੀਂ ਹੈ। ਇਸ ਪ੍ਰਤੀ ਵਿਦਰੋਹ ਦਾ ਸੱਦਾ ਦਿੰਦੇ ਹੋਏ ਮੱਖਣ ਕ੍ਰਾਂਤੀ ਕਹਿੰਦਾ ਹੈ-

ਨਹੀਂ ਮਨਜ਼ੂਰ ਸਾਨੂੰ ਜੋ ਬਣਾਏ ਨੇ ਤੁਸੀਂ ਰਸਤੇ,
ਅਸੀਂ ਆਪਣੇ ਬਣਾਏ ਰਸਤਿਆਂ 'ਤੇ ਪੈਰ ਹੈ ਧਰਨਾ।

ਦਲਿਤ ਸਾਹਿਤ ਵੇਦਾਂ ਨੂੰ ਸੱਚ ਨਹੀਂ ਮੰਨਦਾ, ਨਾ ਹੀ ਸੱਚੇ-ਬਚਨਾਂ ਨੂੰ। ਨਾ ਹੀ ਕੋਈ ਸੱਚਾ-ਪੁਰਸ਼ ਹੈ ਅਤੇ ਨਾ ਹੀ ਸੱਚਾ-ਬਚਨ। ਕੋਈ ਵੀ ਵਿਚਾਰ ਨਿਰਪੇਖ ਸੱਚ ਨਹੀਂ ਹੈ। ਪਰਿਵਰਤਨ ਹੀ ਵਿਕਾਸ ਦਾ ਮੂਲ ਹੈ। ਸਮਾਜਕ ਜੀਵਨ ਬਿਨਾਂ ਸਮਾਜ ਪ੍ਰਗਤੀਸ਼ੀਲ ਨਹੀਂ ਬਣ ਸਕਦਾ। ਇਸ ਪ੍ਰਤੀ ਵਿਦਰੋਹੀ ਸੁਰ 'ਚ ਮੱਖਣ ਕ੍ਰਾਂਤੀ ਕਹਿੰਦਾ ਹੈ-

ਜੋ ਵੇਦਾਂ ਨੂੰ, ਗ੍ਰੰਥਾਂ ਨੂੰ ਨੇ ਫੜ ਕੇ ਬੈਠ ਗਏ ਲੋਕੀ,
ਉਹ ਲੱਗਦਾ ਭੁੱਲ ਬੈਠੇ ਨੇ ਮਨੁੱਖੀ ਇਤਿਹਾਸ ਆਪਣਾ।

ਤਕਦੀਰ, ਪੁਨਰ ਜਨਮ ਅਤੇ ਪ੍ਰਲੋਕ ਵੀ ਰੱਬ ਦੇ ਅਸਤਿਤਵ ਨਾਲ ਜੁੜੇ ਹੋਏ ਹਨ। ਇਸ ਲਈ ਦਲਿਤ ਸਾਹਿਤ ਚਿੰਤਨ ਵਿੱਚ ਇਹਨਾਂ ਪ੍ਰਤੀ ਅਸਵੀਕ੍ਰਿਤੀ ਹੈ। ਪਖੰਡਵਾਦ ਤੇ ਅੰਧਵਿਸ਼ਵਾਸ ਦੇ ਖ਼ਿਲਾਫ਼ ਮੱਖਣ ਲਿਖਦਾ ਹੈ,

ਰੱਬ ਦੇ ਘਰ ਨੂੰ ਚਿੱਟਾ ਪੱਥਰ ਹੱਥੀਂ ਉਸ ਨੇ ਲਾਇਆ,
ਆਪਣੇ ਘਰ ਦਾ ਕੱਚਾ ਕੋਠਾ ਡਿੱਗਦਾ ਕਿਵੇਂ ਬਚਾਊ।

ਦਲਿਤ ਨੂੰ ਰੋਟੀ ਹੀ ਨਹੀਂ ਇੱਜ਼ਤ ਵੀ ਚਾਹੀਦੀ ਹੈ। ਕੁੱਤੇ ਵਾਂਗ ਪੇਟ ਭਰ ਕੇ ਉਹ ਜਿਉਂਦਾ ਨਹੀਂ ਰਹਿਣਾ ਚਾਹੁੰਦਾ। ਇਸ ਲਈ ਧਰਮ-ਦਰਸ਼ਨ-ਅਧਿਆਤਮ ਤੱਤ-ਚਿੰਤਨ ਸਭ ਪੇਟ ਭਰਨ ਦੇ ਚੋਚਲੇ ਹਨ। ਸੰਸਾਰਕ ਸੁੱਖ-ਸੁਵਿਧਾਵਾਂ ਉਪਰ ਕੁੰਡਲੀ ਮਾਰ ਕੇ ਬੈਠਾ ਵਰਗ ਹੀ ਅਧਿਆਤਮ ਤੇ ਤੱਤ-ਚੰਤਨ ਦੀ ਗੱਲ ਕਰਦਾ ਹੈ। ਭੁੱਖੇ ਪੇਟ ਦੇ ਚਿੰਤਨ ਦਾ ਤੱਤ ਰੋਟੀ ਹੈ। ਬ੍ਰਹਮ ਜਾਂ ਈਸ਼ਵਰ ਦਲਿਤ ਦੇ ਜੀਵਨ ਵਿੱਚ ਕੋਈ ਹਲਚਲ ਪੈਦਾ ਨਹੀਂ ਕਰਦੇ ਲੇਕਿਨ ਭੁੱਖ ਉਸ ਨੂੰ ਵਿਚਲਿਤ ਅਤੇ ਅੰਦੋਲਿਤ ਕਰਦੀ ਹੈ। ਉਹ ਭੁੱਖ ਨੂੰ ਬਾਰ ਬਾਰ ਅਨੁਭਵ ਕਰਦਾ ਹੈ। ਅਧਿਆਤਮਵਾਦ ਦਾ ਕੱਟੜ ਵਿਰੋਧੀ ਪ੍ਰੰਪਰਾਗਤ ਦੇਵੀ ਦੇਵਤਿਆਂ, ਈਸ਼ਵਰ, ਅੱਲ੍ਹਾ ਅਤੇ ਅਲੌਕਿਕ ਸ਼ਕਤੀ ਨੂੰ ਰੱਦ ਕਰਦਿਆ ਮੱਖਣ ਕਹਿੰਦਾ ਹੈ-

ਅਰਦਾਸਾਂ ਕਰਵਾ-ਕਰਵਾ ਕੇ ਲੁੱਟ ਦਾ ਮਾਲ ਪਚਾਵੇਂ,
ਛੱਡ ਕੇ ਲੁੱਟਾਂ ਖੋਹਾਂ ਪੱਲੇ ਬੰਨ੍ਹ ਮਿਹਨਤ ਦਾ ਗਹਿਣਾ।
ਕੌਣ ਹੈ ਤੈਨੂੰ ਲੁੱਟੀ ਜਾਵੇ ਤੈਨੂੰ ਸਾਰ ਨਾ ਕੋਈ,
ਕਿੰਨਾ ਚਿਰ ਤੂੰ ਚੁੱਪ ਚੁਪੀਤੇ ਅੱਖਾਂ ਮੀਟੀ ਰਹਿਣਾ।
ਅਰਦਾਸ ਤੇ ਨਿਮਾਜ਼ਾਂ ਦੇ ਨਾਲ ਐ 'ਕ੍ਰਾਂਤੀ',
ਕਰਜ਼ੇ ਨਾ ਸਿਰ ਤੋਂ ਲਹਿਣੇ ਕਿਸਮਤ ਨੂੰ ਰੋਣ ਵਾਲੇ।
ਨਿਰੀ ਅਰਦਾਸ ਕਰਕੇ ਕੁੱਝ ਨਹੀਂ ਮਿਲਣਾ 'ਕ੍ਰਾਂਤੀ' ਨੂੰ
ਬਿਨਾਂ ਕੋਸ਼ਿਸ ਨਾ ਕੁੱਝ ਬਣਨਾ ਨਹੀਂ ਹਿੰਮਤ ਬਿਨਾਂ ਸਰਨਾ।

ਦਲਿਤ ਸਾਹਿਤ ਮੁਖੌਟੇ ਪਾਉਣ ਦੇ ਵਿਰੁੱਧ ਹੈ। ਜ਼ਿੰਮੀਦਾਰ ਦਲਿਤਾਂ ਨੂੰ ਪਿੰਡਾਂ ਵਿੱਚ ਆਪਣੇ ਵਗਾਰੀ ਸਮਝਦੇ ਹਨ। ਖੇਤਾਂ ਵਿੱਚ ਕੰਮ ਕਰਦੀਆਂ ਦਲਿਤ ਲੜਕੀਆਂ ਦੀਆਂ ਇੱਜਤਾਂ ਲੁੱਟਣਾਂ ਉਹ ਆਪਣਾ ਅਧਿਕਾਰ ਸਮਝਦੇ ਹਨ। ਜਿਸ ਸਮਾਜ ਵਿੱਚ ਅੱਜ ਵੀ ਦਲਿਤਾਂ ਦੀਆਂ ਸਮੂਹਿਕ ਹੱਤਿਆਵਾਂ ਕੀਤੀਆਂ ਜਾਂਦੀਆਂ ਹੋਣ, ਉਹਨਾਂ ਦੀਆਂ ਇਸਤਰੀਆਂ ਨੂੰ ਜ਼ਬਰਦਸਤੀ ਨੰਗਾ ਕਰਕੇ ਪਿੰਡਾਂ 'ਚ ਘੁਮਾਇਆ ਜਾਂਦਾ ਹੋਵੇ ਅਥਵਾ ਉਹਨਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਜਾਂਦਾ ਹੋਵੇ, ਜਿੱਥੇ ਜਨਮ ਲੈਂਦਿਆਂ ਹੀ ਬੱਚਿਆਂ ਨੂੰ ਊਚ-ਨੀਚ ਦਾ ਪਾਠ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜਾਵੇ, ਉਸ ਸੱਭਿਅਤਾ ਤੇ ਸੰਸਕ੍ਰਿਤੀ ਉੱਪਰ ਕੋਈ ਗੌਰਵ ਕਿਵੇਂ ਕਰ ਸਕਦਾ ਹੈ। ਦਲਿਤ ਲੜਕੀਆਂ ਦੇ ਹੋ ਰਹੇ ਸ਼ੋਸ਼ਣ ਪ੍ਰਤੀ ਜਾਗਰੁਕ ਕਰਦਿਆਂ ਮੱਖਣ ਕਹਿੰਦਾ ਹੈ-

ਸੱਭਿਆਚਾਰ ਅਮੀਰ ਬੜਾ ਹੈ ਸਾਡਾ ਤੌਬਾ-ਤੌਬਾ,
ਕਿਧਰੇ ਵੀ ਹੁਣ ਜਾ ਨਹੀਂ ਸਕਦੀ ਹੈ ਲੜਕੀ ਕੱਲੀ ਕਾਰੀ।

ਸਮਾਜ ਵਿੱਚ ਦਲਿਤਾਂ ਨੂੰ ਛੂਆ ਛਾਤ ਅਤੇ ਜਾਤ ਪਾਤ ਦੇ ਅਧਾਰ ਤੇ ਪੈਰ ਪੈਰ ਤੇ ਬੇਇੱਜਤ ਕੀਤਾ ਜਾਂਦਾ ਹੈ। ਇਸ ਕਾਰਣ ਦਲਿਤਾਂ ਨੂੰ ਬੇ ਅਥਾਹ ਮਾਨਸਿਕ ਪੀੜਾ ਨੂੰ ਸਹਿਣ ਕਰਨਾ ਪੈਂਦਾ ਹੈ।



ਗੰਦ ਚੁੱਕਣ ਦਾ ਹਿੱਸਾ ਸਾਡੇ ਪੱਲੇ ਕੀਹਨੇ ਪਾਇਆ। ਮਨੁੱਖਾਂ-ਮਨੁੱਖਾਂ ਅੰਦਰ ਅਨੇਕਾਂ ਪ੍ਰਕਾਰ ਦੇ ਜਾਤੀ ਤੇ ਮਜ਼ਹਬੀ ਵਿਤਕਰੇ ਤੇ ਵਖਰੇਵੇਂ ਪੈਦਾ ਕਰਕੇ ਆਪਣੀ ਲੁੱਟ ਨੂੰ ਕਾਇਮ ਰੱਖਣ ਵਾਲੇ ਲੋਟੂਆਂ ਪ੍ਰਤੀ ਵਿਦਰੋਹ ਦਾ ਸੱਦਾ ਦਿੰਦੇ ਹੋਏ ਮੱਖਣ ਕਹਿੰਦਾ ਹੈ-

ਐਸਾ ਜੀਵਨ ਸਾਡੇ ਮਗਰੋਂ ਪਤਾ ਨਹੀਂ ਕਦ ਲਹਿਣਾ.
ਸਾਡੇ ਚਾਅ ਤੇ ਸੁਪਨੇ ਸਾਡੇ ਜੰਮਦਿਆਂ ਹੀ ਮੋਏ,
ਮਜ਼ਬੂਰੀ ਨੇ ਸਾਡੇ ਲੇਖੀਂ ਕਿੰਨਾਂ ਚਿਰ ਹੈ ਰਹਿਣਾ?

ਪੰਜਾਬ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਗਾਇਕਾਂ ਤੇ ਗੀਤਕਾਰਾਂ ਦਾ ਹੜ ਆਇਆ ਹੋਇਆ ਹੈ। ਪੰਜਾਬ ਵਿਚ ਹੁਣ ਗੁਰੂਆਂ ਦੀ ਬਾਣੀ, ਸੰਤਾਂ ਦੇ ਸ਼ਬਦ, ਸੂਫ਼ੀਆਂ ਦੇ ਦੋਹੇ, ਕਵੀਆਂ ਦੀ ਕਵੀਸ਼ਰੀ ਤੇ ਢਾਡੀਆਂ ਦੀਆਂ ਵਾਰਾਂ ਦਾ ਬੋਲ ਬਾਲਾ ਨਹੀ ਬਲਕਿ ਪੁੱਤ ਜੱਟਾਂ ਦੇ ਬੁਲਾਉਂਦੇੇਕਰੇ, ਜੇ ਜੱਟ ਵਿਗੜ ਗਿਆ ਦਿਨੇ ਦਿਖਾ ਦਓ ਤਾਰੇ, ਪੁੱਤ ਜੱਟਾਂ ਦੇ ਨੇ ਗੱਭਰੂ ਨਵੇਂ ਤੋਂ ਨਵਾਂ ਪੰਗਾ ਪਾਉਣ ਬਈ, ਜੱਟਾਂ ਦੇ ਤਿੰਨ ਪੱਪੇ, ਪੱਗ ਪਿਗ ਤੇ ਪੰਗਾ, ਬੱਲੇ ਬੱਲੇ ਬਈ ਜੱਟ ਚੱਲਿਆ ਕਚਿਹਰੀ, ਹਿਕ ਦੇ ਜੋਰ ਤੇ ਜੱਟ ਨੇ ਸਰਪੰਚੀ ਲੈਣੀ, ਕਚਿਹਰਆ 'ਚ ਮੇਲੇ ਲੱਗਦੇ ਜਦੋ ਪੈਂਦੀ ਆ ਤਰੀਕ ਕਿਸੇ ਜੱਟ ਦੀ, ਦੁਸ਼ਮਣੀ ਜੱਟ ਦੀ, ਲਲਕਾਰਾ ਜੱਟ ਦਾ, ਬਦਲਾ ਜੱਟੀ ਦਾ, ਪਰ੍ਹੇ ਹਟ ਜਾ ਅੱਲੜ ਮੁਟਿਆਰੇ ਜੱਟ ਆਉਂਦੇੇੜਕਾਂ ਮਾਰਦੇ, ਗੰਡਾਸਾ ਜੱਟ ਦਾ, ਖੇਡਣਗੇ ਜੱਟ ਅੱਜ ਖੂੰਨ ਦੀਆ ਹੋਲੀਆ, ਜੱਟ ਦੀ ਦੁਸ਼ਮਣੀ ਸਿਰ ਮੰਗਦੀ, ਜੱਟਾਂ ਦੇ ਮੁੰਡਿਆ ਦੇ ਕੇਸ ਚੱਲ ਪਏ ਆਦਿ ਲੱਚਰ ਗੀਤਾਂ ਦਾ ਬੱਸਾਂ, ਕਾਂਰਾਂ, ਟਰੱਕ, ਟਰਾਲੀਆਂ 'ਤੇ ਬੋਲ ਬਾਲਾ ਹੈ। ਗੀਤਾਂ 'ਚ ਸ਼ੋਰ-ਸ਼ਰਾਬਾ, ਲੱਚਰਤਾ, ਹਥਿਆਰ ਤੇ ਹਿੰਸਾ ਭਾਰੂ ਹਨ। ਅਜਿਹੇ ਲੱਚਰ ਗੀਤ ਪੰਜਾਬ ਦਾ ਸਿਰ ਮਾਣ ਨਾਲ ਨਹੀ ਉਠਾਉਂਦੇੇਓਗੋਂ ਸ਼ਰਮ ਨਾਲ ਝਕਾਉਂਦੇ ਹਨ। ਅਜਿਹੇ ਲੱਚਰ ਗੀਤ ਸਥਾਪਤ ਪੰਜਾਬੀ ਸਦਾਚਾਰੀ ਸਾਹਿਤ ਤੇ ਸਭਿਆਚਾਰ ਨੂੰ ਵੀ ਢਾਹ ਲਾ ਰਹੇ ਹਨ। ਲੱਚਰਤਾ ਨੂੰ ਤਾਂ ਸਭਿਆਚਾਰ ਕਹਿਣ ਤੋਂ ਵੀ ਜੀਭ ਥਰ ਥਰਾਉਦੀ ਹੈ। ਲੱਚਰ ਗਾਇਕੀ ਬਾਰੇ ਮੱਖਣ ਲਿਖਦਾ ਹੈ,

ਗਵੱਈਏ ਬਣ ਗਏ ਜ਼ੁਲਫ਼ਾਂ ਵਧਾ ਕੇ ਪਿੰਡ ਦੇ ਕਾਕੇ,
ਜਿਨ੍ਹਾਂ ਨੂੰ ਇੱਲ੍ਹ ਕੁੱਕੜ ਨਾ ਪਤਾ ਸੁਰ ਤਾਲ ਦਾ ਕੋਈ।

ਪਿਛਲੇ ਕੁਝ ਸਮੇਂ ਤੋਂ ਗਾਇਕੀ ਨੂੰ ਅਧੁਨਿਕ ਬਣਾਉਣ ਦੇ ਨਾਂ 'ਤੇ ਆਪਣੇ ਨਿੱਜੀ ਮੁਫ਼ਾਦਾਂ ਲਈ ਪੰਜਾਬੀ ਗਾਇਕੀ ਨੂੰ ਲੱਚਰਤਾ ਵੱਲ ਧੱਕਿਆ ਜਾ ਰਿਹਾ ਹੈ। ਗੁਰੂ ਸਹਿਬਾਨ ਨੇ ਨਸ਼ਿਆਂ ਦਾ ਸਖ਼ਤ ਵਿਰੋਧ ਕੀਤਾ, ਔਰਤ ਦੀ ਵਡਿਆਈ 'ਚ 'ਸੋ ਕਿਉ ਮੰਦਾ ਆਖੀਏ, ਜਿਤ ਜੰਮੇ ਰਾਜਾਨ' ਕਿਹਾ ਪਰ ਚੰਦ ਗਾਇਕਾਂ ਨੂੰ ਛੱਡ ਕੇ ਬਹੁਤੇ ਗੀਤਕਾਰ ਤੇ ਗਾਇਕ ਆਪਣੇ ਗੀਤਾਂ ਰਾਹੀਂ ਕੁੜੀਆਂ 'ਤੇ ਤੁਹਮਤਾਂ ਲਾਉਂਦੇ ਹਨ। ਕੁੜੀਆਂ ਦੀ ਤੁਲਨਾ ਨਸ਼ਿਆਂ ਤੇ ਹਥਿਆਰਾਂ ਨਾਲ ਕਰ ਰਹੇ ਹਨ। ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਪੜ੍ਹਾਈ ਦੇ ਕੇਂਦਰ ਵਜੋਂ ਨਹੀਂ ਬਲਕਿ ਇਨ੍ਹਾਂ ਸੰਸਥਾਵਾਂ ਨੂੰ ਆਸ਼ਕੀ ਦੇ ਅੱਡੇ ਦਿਖਾਇਆ ਜਾਂਦਾ ਹੈ। ਮੁੰਡੇ ਬੁਲੱਟ ਮੋਟਰਸਾਈਕਲਾਂ, ਲੰਡੀਆਂ ਜੀਪਾਂ, ਮਹਿੰਗੀਆਂ ਕਾਰਾਂ 'ਤੇ ਚੜ੍ਹ ਕੇ ਕੁੜੀਆਂ ਪਿੱਛੇ ਗੇੜੀਆਂ ਲਾਉਂਦੇ ਹਨ। ਕੁੜੀਆਂ ਨੂੰ ਘਰਾਂ ਤੋਂ ਭਜਾ ਕੇ ਲੈ ਜਾਂਦੇ ਹਨ। ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੇ ਲੱਚਰ ਗਾਇਕਾਂ ਬਾਰੇ ਮੱਖਣ ਲਿਖਦਾ ਹੈ,

ਭਜਾ ਕੇ ਲੈ ਗਿਆ ਪਿੰਡ ਦੀ ਕੁੜੀ ਨੂੰ ਪਿੰਡ ਦਾ ਮੁੰਡਾ,
ਉਨ੍ਹੇਂ ਖ਼ੁਦ ਭੈਣ ਆਪਣੀ ਲਈ ਹੈ ਰਸਤਾ ਖੋਲ੍ਹਿਆ ਕੋਈ।

ਮੱਖਣ ਪੰਡਤਾਊ ਕਿਸਮ ਦੀਆਂ ਗੁੰਝਲਦਾਰ ਗ਼ਜ਼ਲਾਂ/ ਰਚਨਾਵਾਂ ਜਿਨ੍ਹਾਂ ਨੂੰ ਲਿਖਣ ਵਾਲੇ ਲੇਖਕ ਇਨ੍ਹਾਂ ਨੂੰ ਅਧੁਨਿਕਵਾਦੀ, ਪ੍ਰਗਤੀਵਾਦੀ,ਜੁਝਾਰਵਾਦੀ ਪਤਾ ਨਹੀਂ ਕਿਹੜਾ-ਕਿਹੜਾ ਨਾ ਦਿੰਦੇ ਸਨ, ਦਾ ਹਮੇਸ਼ਾ ਵਿਰੋਧੀ ਰਿਹਾ। ਮੱਖਣ ਕਹਿੰਦਾ ਜਿਹੜੀਆਂ ਗ਼ਜ਼ਲਾਂ ਦੇ ਅਰਥ ਇੱਕ ਸਾਧਾਰਨ ਵਿਅਤੀ ਦੀ ਸਮਝ ਤੋਂ ਬਾਹਰੇ ਹੋਣ, ਅਜਿਹੀਆਂ ਗ਼ਜ਼ਲਾਂ/ਰਚਨਾਵਾਂ ਸਮਾਜ ਦਾ ਕੀ ਸੁਆਰ ਸਕਦੀਆਂ ਹਨ? ਐਵੇਂ ਭਰਮ ਪਾਲੀ ਬੈਠੇ ਹਨ, ਜਿਵੇਂ ਟਟੀਹਰੀ ਨੂੰ ਅਸਮਾਨ ਚੁੱਕਣ ਦਾ ਭਰਮ ਹੁੰਦਾ ਹੈ। ਸੋ ਲੋੜ ਹੈ ਲੋਕਾਂ ਦੀ ਜ਼ੁਬਾਨ ਵਿੱਚ ਲੋਕ ਪੱਖੀ ਸਾਹਿਤ ਰਚਣ ਦੀ। ਮੱਖਣ ਕ੍ਰਾਂਤੀ ਨੂੰ ਸਮਾਜਿਕ ਭੇਦ-ਭਾਵ ਦੇ ਦੁੱਖ-ਦਰਦ ਦਾ ਬਾਰ ਬਾਰ ਅਨੁਭਵ ਹੋਣ ਕਰਕੇ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰ ਮਾਨਵਤਾ ਨੂੰ ਸਨਮੁੱਖ ਹਨ। ਮੱਖਣ ਦੀਆਂ ਗ਼ਜ਼ਲਾਂ ਨਿੱਜ ਨਾਲੋਂ ਸਮੂਹ ਨਾਲ ਜ਼ਿਆਦਾ ਹਨ।

ਦਲਿਤ ਸਾਹਿਤ 'ਚ ਵਿਦਰੋਹੀ ਪਰਿਵਰਤਨ ਲਈ ਰਾਜਸੀ ਸੰਘਰਸ਼ ਕਰਨ ਦੀ ਸਮਰੱਥਾ ਨੂੰ ਸਮਝਣਾ, ਉਸ ਨੂੰ ਰਾਜਸੀ ਚੇਤਨਾ ਪ੍ਰਦਾਨ ਕਰਕੇ ਸ਼ਕਤੀਸ਼ਾਲੀ ਰੂਪ ਵਿੱਚ ਸਮਾਜਕ ਪਰਿਵਰਤਨ ਲਈ ਪ੍ਰਤੀਬੱਧ ਕਰਨ ਦਾ ਸੰਕਲਪ ਹੀ ਅਜੋਕੇ ਦਲਿਤ ਕਾਵਿ ਦੀ ਵਿਸ਼ੇਸ਼ਤਾ ਹੈ। ਇਤਿਹਾਸ ਨੂੰ ਵਿਆਨਦਿਆ ਮੱਖਣ ਕਹਿੰਦਾ ਹੈ-

ਸਾਡੀ ਝੁੱਗੀ ਨੂੰ ਤੂੰ ਅੱਗ ਲਾ ਕੇ ਗਿਆਂ ਏਂ ਜਦੋਂ ਦਾ,
ਸਾਡੀ ਅੱਖ ਵਿੱਚ ਰੜਕੇ ਮੀਨਾਰਾਂ ਵਾਲੀ ਗੱਲ।

